ਟੋਰਾਂਟੋ:-ਅਗਸਤ(ਹਰਜੀਤ ਸਿੰਘ ਬਾਜਵਾ) ਬੀਤੇ ਦਿਨੀ ਬਰੈਂਪਟਨ ਦੇ ਸ਼ਿੰਗਾਰ ਬੈਕੁੰਟ ਹਾਲ ਵਿੱਚ ਰਾਜ ਮਿਊਜ਼ਿਕ ਅਕੈਡਮੀ ਅਤੇ ਇੰਡੋ-ਕਨੇਡੀਅਨ ਮਿਊਜ਼ਿਕਐਂਡ ਕਲਚਰਲ ਸੁਸਾਇਟੀ ਵੱਲੋਂ ਉੱਘੇ ਸੰਗੀਤਕਾਰ ਸ੍ਰ. ਰਜਿੰਦਰ ਸਿੰਘ ਰਾਜ ਦੀ ਰਹਿਨਮਈ ਹੇਠ ਸਲਾਨਾਂ ਸੰਗੀਤਕ ਸਮਾਗਮ 'ਰਾਈਜ਼ਿੰਗ ਸਟਾਰਜ਼' ਕਰਵਾਇਆ ਗਿਆ ਜਿਸ ਵਿੱਚ ਛੋਟੇ ਬੱਚਿਆਂ ਤੋਂ ਲੈ ਕੇ ਨੌਜਵਾਨ ਅਤੇ ਪ੍ਰਪੱਕ ਗਾਇਕਾਂ ਵੱਲੋਂ ਆਪੋ ਆਪਣੀ ਗਾਇਕੀ,ਅਦਾਵਾਂ ਅਤੇ ਅਦਾਕਾਰੀ ਦੇ ਜੌਹਰ ਦਿਖਾਏ ਗਏ। ਸਮਾਗਮ ਦੌਰਾਨ ਇਸ ਅਕੈਡਮੀ ਦੇ ਸਿਖਿਆਰਥੀਆਂ ਤੋਂ ਇਲਾਵਾਂ ਕੁਝ ਇਕ ਮਹਿਮਾਨ ਗਾਇਕਾਂ ਵੱਲੋਂ ਵੀ ਆਪਣੀਆਂ ਪੇਸ਼ਕਾਰੀਆਂ ਦਿੱਤੀਆਂ ਗਈਆਂ ਜਿੱਥੇ ਬੋਲਦਿਆਂ ਬੁਲਾਰਿਆਂ ਨੇ ਆਖਿਆਂ ਕਿ ਸ੍ਰ. ਰਜਿੰਦਰ ਸਿੰਘ ਰਾਜ ਦੀ ਅਗਵਾਈ ਹੇਠ ਚਲ ਰਹੀ ਇਸ ਸੰਗੀਤਕ ਅਕੈਡਮੀ ਦੇ ਸਿਖਿਆਰਥੀ ਇਸ ਗੱਲੋਂ ਭਾਗਾਂਵਾਲੇ ਹਨ ਕਿ ਇਹਨਾਂ ਨੂੰ ਸੰਗੀਤ ਦੀ ਸਿੱਖਿਆ ਦੇ ਨਾਲ -ਨਾਲ ਸਟੇਜ਼ ਤੇ ਪੇਸ਼ਕਾਰੀਆਂ ਦੇਣ ਦਾ ਮੌਕਾ ਵੀ ਪ੍ਰਦਾਨ ਕੀਤਾ ਜਾਂਦਾ ਹੈ ਅਤੇ ਦੂਜ਼ਾ ਇਹ ਕਿ ਇਸ ਅੰਗ੍ਰੇਜ਼ੀ ਸੱਭਿਆਚਾਰ ਵਾਲੇ ਮਹੌਲ ਵਿੱਚ ਪਲ ਰਹੇ ਇਹਨਾਂ ਪੰਜਾਬੀ ਨੂੰ ਇਸ ਅਕੈਡਮੀ ਵੱਲੋਂ ਇਕੱਲਾ ਸੰਗੀਤ ਹੀ ਨਹੀ ਸਿਖਾਇਆ ਜਾਂਦਾ ਸਗੋਂ ਗੁਰਬਾਣੀ/ਕੀਰਤਨ ਅਤੇ ਗੁਰੂ ਦੇ ਲੜ ਲੱਗਣ ਦੀ ਸਿੱਖਿਆ ਵੀ ਦਿੱਤੀ ਜਾਂਦੀ ਹੈ ਜਿੱਥੇ ਬੱਚਿਆਂ ਦੇ ਆਤਮ ਸਨਮਾਨ ਵਿੱਚ ਤਾਂ ਵਾਧਾ ਹੁੰਦਾ ਹੀ ਹੈ ਸਗੋਂ ਬੱਚਿਆਂ ਵਿੱਚ ਚੰਗੀ ਲੀਡਰਸ਼ਿਪ ਵਾਲੇ ਸੰਸਕਾਰ ਵੀ ਆਉਂਦੇ ਹਨ ।ਸਮਾਗਮ ਦੀ ਸ਼ੁਰੂਆਤ ਸ੍ਰ. ਰਾਜਿੰਦਰ ਰਾਜ, ਅਮਰਜੀਤ ਕੌਰ ਰਾਜ,ਗਗਨ ਰਾਜ ਅਤੇ ਰਵੀ ਰਾਜ ਵੱਲੋਂ ਸਾਰਿਆਂ ਨੂੰ ਜੀ ਆਇਆਂ ਕਹਿਣ ਨਾਲ ਹੋਈ ਅਤੇ ਸਟੇਜ ਦੀ ਸਮੁੱਚੀ ਕਾਰਵਾਈ ਮਨਦੀਪ ਕਮਲ ਅਤੇ ਸੀਮਾਂ ਸ਼ਰਮਾਂ ਨੇ ਨਿਭਾਈ ਜਦੋਂ ਕਿ ਸ਼ੁਰੂਆਤ ਜਸਲੀਨ, ਐਸ਼ਮਾਂ ਅਤੇ ਜਸਮੀਨ ਨੇ ਇੱਕ ਧਾਰਮਿਕ ਸ਼ਬਦ ਨਾਲ ਸ਼ੁਰੂਆਤ ਕੀਤੀ ਉਪਰੰਤ ਅਮਤੋਜ ਬਟੋਆ, ਹਰਜਸ ਅਟਵਾਲ,ਤਨਵੀਰ ਕੌਰ, ਦਲਜੋਤ ਕੌਰ, ਪਰਮਿਸ ਪਾਲ ਐਰੀ, ਤਾਨੀਆਂ ਬਾਜਵਾ, ਹਰਨੀਤ ਬਾਜਵਾ, ਪਾਲ ਧੰਜਲ, ਮਲੋਰੀ ਅਟਵਾਲ, ਜਵਨੀਕ ਅਟਵਾਲ, ਬਾਲੀ ਗਰੇਵਾਲ, ਜੈਸਮੀਤ ਮਾਂਗਟ, ਤਲਵਿੰਦਰ ਸਿੱਧੂ, ਜਪਜੋਤ ਕੌਰ, ਪ੍ਰੋ. ਪਰਮਜੀਤ ਸਿੰਘ, ਜੈਸਮੀਨ ਮਾਡੋਰ, ਗੁਰਤੇਜ ਔਲਖ, ਪਰਮਵੀਰ ਔਲਖ, ਪਰਨੀਤ ਕੌਰ, ਸਿਮਰਲੀਨ ਕੌਰ, ਰਾਜੀਵ ਟੰਡਨ, ਸ਼ੀਨਾਂ ਟੰਡਨ, ਪ੍ਰੀਤੀ, ਵਿਕਰਮ ਵਿੱਕੀ, ਮਲਕਾ ਬੈਂਸ,ਰਵਿੰਦਰ ਮਹਿਮੀ,ਅਸ਼ਨੂਰ ਅਰੋੜਾ, ਪ੍ਰਿਤਪਾਲ ਅਰੋੜਾ, ਦੀਪ ਬਰਾੜ, ਨਵਰੀਤ ਕੌਰ, ਦਰਸ਼ ਧਾਲੀਵਾਲ, ਸੁਨੈਨਾਂ ਵਰਮਾਂ,ਪ੍ਰਤਾਪ ਖੁਰਮੀ, ਰਿਸ਼ੀ ਖੁਰਮੀ, ਅਸ਼ੀਮਾਂ ਮਾਡੋਰ, ਹਰਮਨ ਵਾਲੀਆ,ਜਸਲੀਨ ਚੋਪੜਾ,ਹੀਰਾ ਧਾਰੀਵਾਲ ਅਤੇ ਸੁਰਿੰਦਰ ਵਿੱਕੀ ਨੇ ਜਿੱਥੇ ਆਪੋ ਆਪਣੇ ਅੰਦਾਜ਼ ਨਾਲ ਵਧੀਆ ਪੇਸ਼ਕਾਰੀਆਂ ਦਿੱਤੀਆਂ ਉੱਥੇ ਹੀ ਇਸ ਸਮਾਗਮ ਦੌਰਾਨ ਸੁਰਿੰਦਰ ਕੌਰ,ਪ੍ਰਕਾਸ਼ ਕੌਰ, ਨੂਰ ਜਹਾਂ, ਲਤਾ ਮੰਗੇਸ਼ਕਰ, ਮੁਹੰਮਦ ਰਫੀ,ਮਹਿੰਦਰ ਕਪੂਰ ਦੀ ਗਾਇਕੀ ਵਾਲਾ ਰੰਗ ਭਾਰੂ ਰਿਹਾ ਅਤੇ ਅੰਤ ਵਿੱਚ ਇਸ ਸਮਾਗਮ ਵਿੱਚ ਹਿੱਸਾ ਲੈਣ ਵਾਲੇ ਗਾਇਕਾਂ ਨੂੰ ਪ੍ਰਬੰਧਕਾਂ ਵੱਲੋਂ ਸਨਮਾਨਿਤ ਵੀ ਕੀਤਾ ਗਿਆ।

# ਕੇਸਰੀ ਖੇਡ ਮੇਲਾ 31 ਨੂੰ

ਟੋਰਾਂਟੋਂ, 28 ਅਗਸਤ (ਹਰਜੀਤ ਸਿੰਘ ਬਾਜਵਾ) ਕੇਸਰੀ ਕਨੇਡੀਅਨ ਸਪੋਰਟਸ ਐਂਡ ਕਲਚਰਲ ਕਲੱਬ ਓੰਟਾਰੀਓ ਵੱਲੋਂ ਪੰਜਾਬੀ ਰੰਗ ਵਿੱਚ ਰੰਗਿਆ 'ਕੇਸਰੀ ਖੇਡ ਮੇਲਾ' 31 ਅਗਸਤ ਸਨਿੱਚਰਵਾਰ ਨੂੰ ਬਰੈਂਪਟਨ ਦੇ ਕਰੈਡਿਟ ਵਿਊ ਸਪੋਰਟਸ ਗਰਾਊਂਡ (ਨੇੜੇ ਬੋਵੇਅੜ ਐਂਡ ਕਰੈਡਿਟ ਵਿਊ) ਵਿਖੇ ਕਰਵ-ਾਇਆ ਜਾ ਰਿਹਾ ਹੈ ਜਿਸਦੀ ਜਾਣਕਾਰੀ ਦਿੰਦਿਆਂ ਜਸਪਾਲ ਸਿੰਘ ਗਹੂੰਣੀਆ ਨੇ ਦੱਸਿਆ ਕਿ ਇਸ ਮੌਕੇ ਜਿੱਥੇ ਪੰਜਾਬੀ ਗਾਇਕੀ ਦਾ ਖੁੱਲ੍ਹਾ ਅਖਾੜਾ, ਗਤਕਾ, ਡਾਢੀ ਵਾਰਾਂ, ਕਬੱਡੀ, ਘੋਲ, ਰੱਸਾਕਸੀ, ਦੌੜਾਂ, ਵੇਟ ਲੈਫਟਿੰਗ ਆਦਿ ਹੋਣਗੇ ਉੱਥੇ ਹੀ ਸਾਰਿਆਂ ਲਈ ਮੁਫਤ ਪਾਰਕਿੰਗ ਅਤੇ ਸਾਰਾ ਦਿਨ ਲੰਗਰ ਦਾ ਪ੍ਰਬੰਧ ਵੀ ਹੋਵੇਗਾ।

# ਐੱਫ.ਡੀ.ਏ ਅਤੇ ਸੀ.ਆਈ.ਏ. ਦੀ ਸਾਂਝੀ ਟੀਮ ਵੱਲੋਂ ਵੱਡੀ ਮਾਤਰਾ 'ਚ ਨਸ਼ੀਲੀਆਂ ਦਵਾਈਆਂ ਜਬਤ





ਚੰਡੀਗੜ੍ਹ, 28 ਅਗਸਤ (ਗਿਆਨ ਸਿੰਘ): ਫੂਡ ਐਂਡ ਡਰੱਗਜ਼ ਐਡਮਿਨਸਟ੍ਰੇਸ਼ਨ ਪੰਜਾਬ (ਐਫ.ਡੀ.ਏ.) ਅਤੇ ਸੀ.ਆਈ.ਏ. ਦੀਆਂ ਟੀਮਾਂ ਵਲੋਂ ਸਾਂਝੀ ਕਾਰਵਾਈ ਕਰਦਿਆਂ ਫਰੀਦਕੋਟ ਵਿਖੇ ਇਕ ਕੈਮਿਸਟ ਕੋਲੋਂ ਨਾਰਕੋਟਿਕ ਡਰੱਗਜ਼ ਐਂਡ ਸਾਇਕੋਟ੍ਰੋਪਿਕ ਸਬਟਾਂਸਿਸ ਐਕਟ, 1985 ਤਹਿਤ ਪਾਬੰਦੀਸ਼ੁਦਾ ਦਵਾਈਆਂ ਭਾਰੀ ਮਾਤਰਾ ਵਿਚ ਜ਼ਬਤ ਕੀਤੀਆਂ ਗਈਆਂ ਹਨ।

ਇਸ ਬਾਰੇ ਜਾਣਕਾਰੀ ਦਿੰਦਿਆਂ ਕਮਿਸ਼ਨਰ ਐਫ.ਡੀ.ਏ., ਸ. ਕੇ. ਐਸ. ਪਨੂੰ ਨੇ ਦੱਸਿਆ ਕਿ ਮੰਗਲਵਾਰ ਦੀ ਦੇਰ ਸ਼ਾਮ ਪੁਰਾਣਾ ਬਸ ਸਟੈਂਡ, ਜ਼ਿਲ੍ਹਾ ਫਰੀਦਕੋਟ ਨਜ਼ਦੀਕ ਮੈਸਰਜ਼ ਫਰੈਂਡਜ਼ ਮੈਡੀਕਲ ਏਜੰਸੀ ਵਿਖੇ ਕੀਤੀ ਗਈ ਛਾਪੇਮਾਰੀ ਵਿਚ ਆਦਤ ਪਾਉਣ ਵਾਲੀਆਂ 11 ਤਰ੍ਹਾਂ ਦੀਆਂ ਦਵਾਈਆਂ ਜਿਹਨਾਂ ਵਿਚ ਜ਼ਿਆਦਾਤਰ ਟਰਾਮਾਡੋਲ, ਡਾਇਫੈਨੋਜ਼ਾਈਲੇਟ ਤੇ ਬੁਪਰੀਨੌਰਫਿਨ ਦੀਆਂ ਗੋਲੀਆਂ ਸ਼ਾਮਲ ਹਨ, ਦੀਆਂ ਕੁੱਲ 2555 ਗੋਲੀਆਂ ਬਰਾਮਦ ਕੀਤੀਆਂ ਗਈਆਂ। ਇਸ ਸਟੋਰ ਨੇ ਫਾਰਮ 16 ਵਿਚ ਬਿਨ੍ਹਾਂ ਕੋਈ ਖਰੀਦ ਰਿਕਾਰਡ ਦਰਜ ਕੀਤੇ 28 ਪ੍ਰਕਾਰ ਦੀਆਂ ਐਲੋਪੈਥਿਕ ਦਵਾਈਆਂ ਦਾ ਭੰਡਾਰ ਵੀ ਰੱਖਿਆ ਹੋਇਆ ਸੀ। ਬਿਨ੍ਹਾਂ ਰਿਕਾਰਡ ਵਾਲੀਆਂ ਜ਼ਬਤ ਕੀਤੀਆਂ ਇਹਨਾਂ ਦਵਾਈਆਂ ਵਿਚ 3040 ਗੋਲੀਆਂ, 62 ਕਿੱਟਾਂ, ਇੰਜੈਕਸ਼ਨ ਦੀਆਂ 70 ਸ਼ੀਸ਼ੀਆਂ ਸਮੇਤ ਕੁੱਲ 34887 ਦਵਾਈਆਂ ਸ਼ਾਮਲ ਹਨ।

ਇਸ ਛਾਪੇਮਾਰੀ ਤੋਂ ਬਾਅਦ ਟੀਮ ਵਲੋਂ ਫਰਮ ਦੇ ਮਾਲਕ ਦੀ ਰਿਹਾਇਸ਼ ਦੀ ਤਲਾਸ਼ੀ ਵੀ ਲਈ ਗਈ। ਐਫ.ਡੀ.ਏ ਅਤੇ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਦੁਆਰਾ ਕੀਤੀ ਗਈ ਇਸ ਛਾਪੇਮਾਰੀ ਦੌਰਾਨ ਘਰ ਦੀ ਬੇਸਮੈਂਟ ਵਿਚੋਂ ਐਨ.ਡੀ.ਪੀ.ਐਸ. ਐਕਟ ਤਹਿਤ ਪਾਬੰਦੀਸ਼ੁਦਾ 33 ਪ੍ਰਕਾਰ ਦੀਆਂ ਦਵਾਈਆਂ ਜਿਹਨਾਂ ਵਿਚ ਟਰਾਮਾਡੋਲ, ਡਾਇਫੈਨੋਜ਼ਾਈਲੇਟ ਤੇ ਬੁਪਰੀਨੌਰਫਿਨ, ਅਲਪਰਾਜ਼ੋਲਮ ਅਤੇ ਕਲੋਂਜ਼ੀਪਾਮ ਸ਼ਾਮਲ ਹਨ, ਬਰਾਮਦ ਕੀਤੀਆਂ ਗਈਆਂ। ਆਦੀ ਬਣਾਉਣ ਵਾਲੀਆਂ ਕੁੱਲ 65845 ਗੋਲੀਆਂ, 119 ਟੀਕੇ ਅਤੇ 30 ਸ਼ੀਸ਼ੀਆਂ ਬਰਾਮਦ ਕੀਤੀਆਂ ਗਈਆਂ।

ਪੁਲਿਸ ਵਲੋਂ ਇਸ ਮੈਡੀਕਲ ਏਜੰਸੀ ਦੇ ਮਾਲਕ ਦੀ ਰਿਹਾਇਸ਼ ਤੋਂ ਲਗਭਗ 90 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਸਟੋਰ/ਘਰ ਦਾ ਮਾਲਕ ਪੁਲਿਸ ਦੀ ਹਿਰਾਸਤ ਵਿਚ ਹੈ ਜਿਸ ਖਿਲਾਫ ਪੁਲਿਸ ਵਲੋਂ ਥਾਣਾ ਸਿਟੀ, ਫਰੀਦਕੋਟ ਵਿਖੇ ਧਾਰਾ 22/61/85 ਤਹਿਤ ਮਿਤੀ 27/08/2019 ਨੂੰ ਐਫ.ਆਈ.ਆਰ. ਨੰਬਰ 209 ਦਰਜ ਕਰ ਲਈ ਗਈ ਹੈ।

ਪਨੂੰ ਨੇ ਦੱਸਿਆ ਕਿ ਮੈਸਰਜ਼ ਫਰੈਂਡਸ ਮੈਡੀਕਲ ਏਜੰਸੀ, ਫਰੀਦਕੋਟ ਦੇ ਰਿਟੇਲ ਅਤੇ ਥੋਕ ਵਿਕਰੀ ਦੇ ਦੋਵੇਂ ਲਾਇਸੰਸ ਰੱਦ ਕਰ ਦਿੱਤੇ ਗਏ ਹਨ।

# ਪੰਥਕ ਅਸੂਲਾਂ ਦਾ ਮਜ਼ਾਕ ਉਡਾਉਣ ਵਾਲੇ ਸਾਬਕਾ ਪ੍ਰੋਫੈਸਰ ਬਰਾੜ ਨੇ ਭੁੱਲ ਦੀ ਦਮਦਮੀ ਟਕਸਾਲ ਤੋਂ ਮੰਗੀ ਮੁਆਫੀ



ਮਹਿਤਾ, 28 ਅਗਸਤ (ਗਿਆਨ ਸਿੰਘ): ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਪੰਥ ਵਿਚੋਂ ਛੇਕੇ ਗਏ ਨਿਊਜੀਲੈਂਡ ਵਾਸੀ ਹਰਨੇਕ ਨੇਕੀ ਨਾਲ ਰੇਡੀਓ 'ਤੇ ਗਲਬਾਤ ਦੌਰਾਨ ਆਪਣੀ ਗਲਤ ਪਛਾਣ ਦਸ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੁਰਸਿੱਖ ਵਿਦਿਆਰਥੀਆਂ, ਗੁਰੂ ਸਿਧਾਂਤ, ਗੁਰੂ ਸਾਹਿਬਾਨ ਅਤੇ ਦਮਦਮੀ ਟਕਸਾਲ ਪ੍ਰਤੀ ਗਲਤ ਸ਼ਬਦਾਵਲੀ ਵਰਤਦਿਆਂ ਮਜਾਕ ਉਡਾਉਣ ਵਾਲੇ ਯੂਨੀ ਦੇ ਸਾਬਕਾ ਪ੍ਰੋਫੈਸਰ ਨੇ ਅਜ ਦੇਰ ਸ਼ਾਮ ਦਮਦਮੀ ਟਕਸਾਲ ਦੇ ਹਡ ਕੁਆਟਰ ਪਹੁੰਚ ਦਿਆਂ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਕੋਲ ਆਪਣੀਆਂ ਗਲਤੀਆਂ ਨੂੰ ਸਵੀਕਾਰ ਕਰਦਿਆਂ ਭੁਲ ਦੀ ਖਿਮਾਯਾਜਨਾ ਕੀਤੀ ਹੈ।

ਖਿਲਤੀ ਮੁਆਫੀਨਾਮੇ 'ਚ ਯੂਨੀਵਰਸਿਟੀ ਦੇ ਪ੍ਰੋਫੈਸਰ ਰਹੇ ਪਰਮਿੰਦਰ ਸਿੰਘ ਬਰਾੜ ਨੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਆਡੀਓ ਵਿਚ ਮੇਰੇ ਦੁਆਰਾ ਬੋਲੇ ਗਏ ਸ਼ਬਦਾਂ ਨਾਲ ਜੇਕਰ ਕਿਸੇ ਦੀ ਵੀ ਭਾਵਨਾ ਨੂੰ ਠੇਸ ਪਹੁੰਚੀ ਹੈ ਤਾਂ ਇਸ ਲਈ ਮੈਂ ਨਿਮਾਣੇ ਅਤੇ ਨਿਤਾਣੇ ਸਿੱਖ ਵਜੋਂ ਖਿਮਾਜਾਚਨਾ ਕਰਦਾ ਹਾਂ। ਉਹਨਾਂ ਕਿਹਾ ਕਿ ਮੇਰਾ ਸਿੱਖ ਪੰਥ ਨੂੰ ਢਾਹ ਲਾਉਣ ਵਾਲੇ ਕਿਸੇ ਵੀ ਵਿਅਕਤੀ ਨਾਲ ਕੋਈ ਸੰਬੰਧ ਨਹੀਂ ਹੈ। ਉਹਨਾਂ ਕਿਹਾ ਕਿ ਦਮਦਮੀ ਟਕਸਾਲ ਪੰਥ ਦੀ ਇਕ ਮਹਾਨ ਅਤੇ ਸਿਰਮੌੜ ਜਥੇਬੰਦੀ ਹੈ। ਜਿਸ ਦਾ ਸ਼ਾਨਾਮਤਾ ਇਤਿਹਾਸ ਅਤੇ ਸਿੱਖ ਪੰਥ ਪ੍ਰਤੀ ਅਦੁੱਤੀ ਯੋਗਦਾਨ ਹੈ। ਮੈਂ ਸਮੁੱਚੇ ਸਿੱਖ ਪੰਥ, ਸਿੱਖ ਇਤਿਹਾਸ, ਪ੍ਰੰਪਰਾਵਾਂ ਅਤੇ ਦਮਦਮੀ ਟਕਸਾਲ ਪ੍ਰਤੀ ਅਥਾਹ ਵਿਸ਼ਵਾਸ ਰਖਦਾ ਹਾਂ।

ਇਸ ਮੌਕੇ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਪ੍ਰਮਿੰਦਰ ਸਿੰਘ ਬਰਾੜ ਨੂੰ ਸਖਤ ਤਾੜਨਾ ਕਰਦਿਆਂ ਪੰਥਕ ਅਸੂਲਾਂ ਸਿਧਾਂਤਾਂ ਅਤੇ ਗੁਰੂ ਸਾਹਿਬਾਨ ਸੰਬੰਧੀ ਗਲਤ ਟਿਪਣੀਆਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚ ਕੇ ਸਮੁਚੀ ਕੌਮ ਤੋਂ ਖਿਮਾਯਾਚਨਾ ਕਰਨ ਲਈ ਕਿਹਾ ਹੈ।


ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers

• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



"Quality is our strength."

SKYDOME GROUP OF COMPANIES

MINISTRY APPROVED SALVAGE INSPECTION STATION

Body Centre

WE DEAL WITH ALL INSURANCE COMPANIES

Daljit Singh
President
308 Rutherford Road
Brampton
905-874-9878

Skydome Emission & Alignment Centre Inc.
210 Rutherford Rd., Brampton
905-450-9878

WE SELL QUALITY USED CARS

STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Tol Free: 1-877-799-9878, www.skydomeauto.ca



KARTAR FURNITURE

ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ

ਕਰਤਾਰ ਫਰਨੀਚਰ




- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੈਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6

# ਕੈਨੇਡੀਅਨ ਸਭਿਆਚਾਰ ਦੇ ਰੰਗ ਵਿਚ ਆਪਣੇ ਆਪ ਨੂੰ ਰੰਗੋ



ਸੁਰਜੀਤ ਸਿੰਘ ਫਲੋਰਾ

ਕੈਨੇਡਾ 'ਚ ਆਏ ਨੂੰ ਤਕਰੀਬਨ 30 ਸਾਲ ਹੋ ਚੁੱਕੇ ਹਨ। ਇਕ ਪ੍ਰਵਾਸੀ ਹੋਣ ਦੇ ਨਾਤੇ, ਮੈਂ ਪ੍ਰਵਾਸੀਆਂ ਲਈ ਕਨੇਡਾ ਦੀ ਜ਼ਿੰਦਗੀ ਬਾਰੇ ਆਪਣੇ ਅਨੁਭਵ ਸਾਂਝਿਆ ਕਰਾਗਾ। ਜਿਵੇਂ ਕਿ ਹੋਰ ਬਹੁਤ ਸਾਰੇ ਹਰ ਰੋਜ਼ ਆ ਰਹੇ ਹਨ ਤੇ ਬਹੁਤ ਆ ਚੁਕੇ ਹਨ। ਉਨ੍ਹਾਂ ਵਿੱਚੋਂ ਕੁਝ ਕਹਿ ਰਹੇ ਨੇ ਕਿ ਕੈਨੇਡਾ ਇਕ ਬਹੁਤ ਹੀ ਸ਼ਾਨਦਾਰ ਰਹਿਣ ਲਈ ਦੇਸ਼ ਹੈ। ਜਿਹਨਾਂ ਨੂੰ ਭੱਲ ਨਹੀਂ ਪਚਦੀ, ਆਪਣਿਆਂ ਆਦਤਾਂ, ਆਪਣੇ ਮੰਦੇ ਚੰਗੇ ਐਬ ਨਾਲ ਭਰੇ ਪਏ ਹਨ ਤੇ ਆਪਣੇ -ਆਪ ਨੂੰ ਬਦਲ ਨਹੀਂ ਸਕਦੇ, ਜਾਂ ਇਹ ਕਹਿ ਲਉ ਕਿ ਕਿਸੇ ਦੂਸਰੇ ਦੇਸ਼ ਵਿਚ ਜਾ ਕੇ ਉਥੋਂ ਦੇ ਕਾਇਦੇ ਕਾਨੂੰਨ ਜਾਂ ਸਭਿਆਚਾਰ ਨੂੰ ਅਪਣਾ ਨਹੀਂ ਸਕਦੇ ਉਹ ਕੈਨੇਡਾ ਨੂੰ ਮਾੜਾ ਕਹਿੰਦੇ ਹਨ। ਕਿਉਂਕਿ ਉਹ ਇਥੇ ਆਪਣੀ ਮਨ ਮਾਨੀ ਨਹੀਂ ਕਰ ਸਕਦੇ। ਰਹਿਣ ਲਈ ਮਾੜਾ ਹੈ। ਪਰ ਮੇਰੇ ਉੱਤਮ ਗਿਆਨ, ਤਜ਼ਰਬੇ ਅਤੇ ਪ੍ਰਤੀਕ੍ਰਿਆ ਮੁਤਾਬਿਕ ਪ੍ਰਵਾਸੀਆਂ ਲਈ ਕੈਨੇਡਾ ਤੋਂ ਵਧੀਆ ਕੋਈ ਹੋਰ ਦੇਸ਼ ਹੈ ਹੀ ਨਹੀਂ।

ਪਰ ਸੱਚ ਤਾਂ ਇਹ ਹੈ ਕਿ ਜੇਕਰ ਕੋਈ ਵੀ ਕੈਨੇਡਾ ਜਿਹੇ ਖੂਬਸੂਰਤ ਦੇਸ਼ ਵਿੱਚ ਆ ਕੇ ਵੀ ਆਪਣੇ ਆਪ ਨੂੰ ਬਦਲ ਨਹੀਂ ਸਕਿਆਂ ਤਾਂ ਇਹ ਸਮਝ ਲਉ ਕਿ ਉਹ ਕੈਨੇਡਾ ਦੇ ਖੁਸ਼ਹਾਲ ਜੀਵਨ, ਦਿਲਚਸਪੀਆਂ,ਤਜ਼ਰਬਿਆਂ ਤੋਂ ਵਾਂਝਾਂ ਰਹਿ ਰਿਹਾ ਹੈ।

ਇਥੇ ਜੇਕਰ ਮੈਂ ਆਪਣੀ ਗੱਲ ਕਰਾ ਤਾਂ ਸ਼ਾਇਦ ਕੈਨੇਡਾ ਵਾਰੇ ਮੈਂ ਖੁੱਲ੍ਹ ਕੇ ਤੇ ਚੰਗੀ ਤਰ੍ਹਾ ਗਲ ਕਰ ਸਕਦਾ ਹਾਂ। ਮੇਰਾ ਪਹਿਲਾਂ ਕਾਇਦਾ ਕਾਨੂੰਨ ਇਹ ਸੀ ਕਿ ਮੈਂ ਕੈਨੇਡੀਅਨਾਂ ਅਤੇ ਕੈਨੇਡਾ ਦੇ ਸਭਿਆਚਾਰ ਨੂੰ ਅਪਨਾਉਣ ਲਈ ਆਪਣੇ ਸ਼ੁਰੂਆਤੀ ਸਾਲਾਂ ਵਿਚ ਕਦੇ ਗੈਰ-ਆਪਣੇ ਭਾਈਚਾਰੇ ਦੇ ਲੋਕਾਂ ਨੂੰ ਦੋਸਤ ਨਹੀਂ ਬਣਾਇਆ। ਮੈਂ ਅੰਗਰੇਜ਼ੀ ਸਿੱਖੀ ਅਤੇ ਆਪਣੇ ਆਪ ਨੂੰ ਸਥਾਨਕ, ਰਾਸ਼ਟਰੀ ਭਾਸ਼ਾ ਬੋਲਣ ਲਈ ਤਿਆਰ ਕੀਤਾ। ਲੋਕਾਂ ਵਿਚ ਵਿਚਰਨ ਲਈ ਸ਼ਾਇਦ ਇਹ ਬਹੁਤ ਜਰੂਰੀ ਸੀ। ਪਹਿਲਾਂ ਇਹ ਮੁਸ਼ਕਲ ਕੁਝ ਡਰਾਉਣੀ ਸੀ। ਪਰ ਜਿਵੇਂ ਜਿਵੇਂ ਮੈਂ ਇਸ ਨੂੰ ਸਿੱਖਦਾ ਗਿਆ। ਗੋਰੇ ਲੋਕਾਂ 'ਚ ਵਿਚਰਨ ਲੱਗਾ, ਜਿਹਨਾਂ ਨੇ ਮੇਰੀ ਸ਼ੁਰੂਆਤੀ ਟੁੱਟੀ ਭੱਜੀ ਅੰਗਰੇਜੀ ਦਾ ਮਜਾਕ ਨਹੀਂ ਬਣਾਇਆਂ ਸਗੋਂ, ਉਹਨਾਂ ਵਲੋਂ ਤੀਬਰਤਾ ਅਤੇ ਹਸਰਤ ਨਾਲ ਮੈਨੂੰ ਆਪਣੇ ਸਭਿਆਚਾਰ, ਆਪਣੇ ਕੈਨੇਡੀਅਨ ਪਰਿਵਾਰ ਵਿਚ ਸ਼ਾਮਿਲ ਹੀ ਨਹੀਂ ਕੀਤਾ ਬੱਲਕੇ ਹੌਸਲਾਂ ਦਿੱਤਾ ਜਿਸ ਨੇ ਮੈਨੂੰ ਅੱਗੇ ਹੀ ਅੱਗੇ ਵਧਣ ਦਾ ਮੌਕਾ ਦਿੱਤਾ। ਮੈਂ ਕੀਤਾ ਹੈ ਤੁਸੀ ਵੀ ਕਰ ਸਕਦੇ ਹੋ। ਇਸ ਖੂਬਸੂਰਤ ਦੇਸ਼ ਨੂੰ ਆਪਣਾ ਬਣਾ ਕੇ ਦੇਖੋ।

ਮੁੱਖ ਗੱਲ ਰਾਸ਼ਟਰੀ ਭਾਸ਼ਾ ਸਿੱਖਣ ਦੀ ਹੈ। ਭਾਸ਼ਾ ਅਤੇ ਸਭਿਆਚਾਰ ਸਿੱਖਣ ਨਾਲ,ਝਟਕੇ ਅਤੇ ਗਲਤਫਹਿਮੀ ਦੇ ਪ੍ਰਭਾਵਾਂ ਨੂੰ ਸੰਚਾਰ ਕਰਨ ਅਤੇ ਘਟਾਉਣ ਵਿੱਚ ਸਹਾਇਤਾ ਮਿਲਦੀ ਹੈ ਅਤੇ ਇਸ ਨਾਲ ਤਣਾਅ ਨੂੰ ਘੱਟ ਕੀਤਾ ਜਾ ਸਕਦਾ ਹੈ।

ਹੁਣ ਮੈਂ ਭਾਸ਼ਾ ਸਿੱਖ ਲਈ! ਕੈਨੇਡੀਅਨ ਸਭਿਆਚਾਰ ਦੀ ਮੇਜ਼ਬਾਨੀ ਲਈ ਤਿਆਰ ਹਾਂ। ਜਿੰਹਨਾਂ ਨਾਲ ਜ਼ਿੰਦਗੀ ਦੇ ਵੱਖੋ ਵੱਖਰੇ ਨਵੇਂ ਵਿਚਾਰਾਂ ਅਤੇ ਤਜ਼ਰਬਿਆਂ ਦਾ ਮੁਕਾ-ਬਲਾ ਕਰਕੇ ਜ਼ਿੰਦਗੀ ਸੌਖੀ ਹੋ ਗਈ ਸੀ। ਇਸ ਲਈ, ਸਭਿਆਚਾਰਕ ਅੰਤਰ ਦੇ ਕਾਰਨ ਗਲਤਫਹਿਮੀਆਂ ਇਕ ਹਕੀਕਤ ਹਨ ਪਰ ਸੰਵੇਦਨਸ਼ੀਲਤਾ ਅਤੇ ਧਿਆਨ ਨਾਲ ਸਭ ਕੁਝ ਤਰੀਕੇ ਨਾਲ ਕਰਨ ਤੇ ਅਤੇ ਆਪਣੀਆਂ ਭੈੜੀਆਂ ਆਦਤਾਂ ਨੂੰ ਪਿੱਛੇ ਛੱਡ ਕੇ ਆਉਗੇ ਤਾਂ ਜ਼ਿੰਦਗੀ ਬਹੁਤ ਖੂਬਸੂਰਤ ਲੱਗੇਗੀ ਇਥੇ।

ਕਨੇਡਾ ਵਿਚ ਨਵੇਂ ਆਏ ਹੋਣ ਦੇ ਨਾਤੇ, ਇਹ ਮੇਰਾ ਫਰਜ਼ ਬਣ ਗਿਆ ਕਿ ਮੈਂ ਕੈਨੇਡੀਅਨਾਂ ਦੇ ਦਿੱਲਾਂ ਨੂੰ ਜਿੱਤਣ ਲਈ ਉਸ ਦੀ ਪਾਲਣਾ ਕਰਾਂ ਅਤੇ ਉਸ ਨੂੰ ਮਿਲਾਵਾਂ. ਦੂਜਿਆਂ ਨੂੰ ਮਨਮੋਹਕ ਬਣਾਵਾਂ, ਮੈਂ ਆਪਣੇ ਭੈੜੇ ਵਤੀਰੇ ਨੂੰ ਭਾਰਤ ਵਾਪਸ ਛੱਡ ਆਇਆਂ ਆਪਣੇ ਆਪ ਨੂੰ ਕੈਨੇਡਾ ਦੇ ਸਭਿਆਚਾਰ ਨਾਲ ਰੰਗ ਲਿਆ। ਮੇਰਾ ਮਤਲੱਬ ਕੱਪੜੇ ਪਾਉਣ ਦੀ ਨਹੀਂ ਸਗੋਂ, ਆਪਣੀਆਂ ਆਦਤਾਂ, ਆਪਣੇ ਰਵੱਈਏ ਬਾਰੇ ਗੱਲ ਕਰ ਰਿਹਾ ਹਾਂ ਇਸ ਤੋਂ ਇਲਾਵਾ, ਕੈਨੇਡਾ ਅਤੇ ਕੈਨੇਡੀਅਨਾਂ ਬਾਰੇ ਗੱਲ ਕਰ ਰਿਹਾ ਹਾਂ।

ਕਨੇਡਾ ਪ੍ਰਵਾਸੀਆਂ ਦਾ ਦੇਸ਼ ਹੈ, ਅਤੇ ਇਹ ਟੋਰਾਂਟੋ ਵਿੱਚ ਵਿਸ਼ੇਸ਼ ਤੌਰ ਤੇ ਸੱਚ ਹੈ. ਸਿਰਫ ਮੁਸ਼ਕਲ ਪ੍ਰਵਾਸੀ ਸਮੂਹਾਂ ਲਈ ਹੈ ਜੋ ਹੋਰ ਕਦਰਾਂ ਕੀਮਤਾਂ ਵਾਲੇ ਲੋਕਾਂ ਨਾਲ ਸੰਬੰਧ ਨਹੀਂ ਰੱਖ ਸਕਦੇ, ਉਦਾਹਰਣ ਵਜੋਂ, ਧਾਰਮਿਕ ਮਤਭੇਦਾਂ ਨੂੰ ਸਹਿਣ ਕਰਨਾ. ਜੇ ਤੁਸੀਂ ਇਸ ਨੂੰ ਪ੍ਰਾਪਤ ਕਰ ਸਕਦੇ ਹੋ, ਤਾਂ ਤੁਸੀਂ ਕੈਨੇਡੀਅਨਾਂ ਅਤੇ ਆਪਣੇ ਲਈ ਇਕ ਸੌਨਹਿਰੀ ਸੋਨੇ ਦੇ ਸਿੱਕਾ ਸਾਬਿਤ ਹੋ ਸਕਦੇ ਹੋ, ਆਪਣੇ ਲਈ ਹੀ ਨਹੀਂ ਬੱਲਕੇ ਕੈਨੇਡੀਅਨਾਂ ਵਾਸਤੇ ਵੀ ਆਪਣੇ ਚੰਗੀ ਸੋਚ ਦਾ ਪ੍ਰਕਾਸ ਕੈਨੇਡੀਅਨਾਂ ਦੇ ਮਨਾਂ ਵਿਚ ਜਗਾ ਸਕਦੇ ਹੋ।

ਇਹ ਹੀ ਨਹੀਂ , ਕੈਨੇਡਾ ਇਕ ਉਹ ਦੇਸ਼ ਹੈ, ਜਿਥੇ ਹਰ ਧਰਮ, ਸਭਿਆਚਾਰ ਦੇ ਲੋਕ ਹੋਣ ਕਰਕੇ ਹਰ ਵਰਗ ਦੇ ਲੋਕ ਨਾਲ ਤਾਲ ਮੇਲ ਦੇ ਨਾਲ ਨਾਲ ਆਪਣੇ ਲੋਕਾਂ ਤੋਂ ਮਦਦ ਵੀ ਲੈ ਸਕਦੇ ਹੋ। ਤੁਹਾਡੇ ਦੇਸ਼ ਦੇ ਬਹੁਤ ਸਾਰੇ ਲੋਕ ਜੋ ਕਾਰੋਬਾਰ ਦੇ ਮਾਲਕ ਹਨ ਇਥੇ। ਭਾਰਤੀ - ਪਾਕਸਤਾਨੀ ਗਰੋਸਰੀ, ਆਟੋ ਸਾਂਪਸ, ਗੁਰੂਘਰ, ਗੱਲ ਕੀ ਹਰ ਧਰਮ ਦੇ ਲੋਕਾਂ ਲਈ ਹਰ ਵਸਤੂ , ਆਪਣੀ ਬੋਲੀ ਵਾਲੇ ਡਾਕਟਰ, ਨਰਸਾਂ, ਸਕੂਲ, ਅੰਗਰੇਜੀ ਸਕੂਲਾਂ ਵਿਚ ਸਾਡੇ ਭਾਈਚਾਰੇ ਸਾਡੀ ਬੋਲੀ ਵਾਲੇ ਟੀਚਰ ਗੱਲ ਕੀ ਹਰ ਖੇਤਰ ਵਿਚ ਸਾਨੂੰ ਆਪਣੇ ਭਾਈਚਾਰੇ ਦੇ ਲੋਕ ਮਿਲ ਜਾਣਗੇ ਜਿਹਨਾਂ ਨੂੰ ਮਿਲ ਕੇ ਤੁਸੀਂ ਆਪਣਾ ਪਨ ਮਹਿਸੂਸ ਕਰ ਸਕਦੇ ਹੋ। ਮੈਂ ਕੀਤਾ ਹੈ ਤੁਸੀਂ ਵੀ ਕਰ ਸਕਦੇ ਹੋ। ਗੱਲ ਤਾਂ ਸਿਰਫ ਆਪਣੇ ਆਪ ਨੂੰ ਦੂਸਰੇ ਦੇਸ਼ ਵਿਚ ਉਥੋਂ ਦੇ ਕਾਇਦੇ ਕਾਨੂੰਨ 'ਚ ਢਾਲਣ ਦੀ ਹੈ।

ਬਹੁਤ ਸਾਰੇ ਚਿੱਟੇ ਲੋਕ ਮਦਦਗਾਰ ਵੀ ਹੋ ਸਕਦੇ ਹਨ, ਤੰਗ ਕਰਨ ਵਾਲੇ ਵੀ ਹੋ ਸਕਦੇ ਹਨ। ਜੋ ਸਾਨੂੰ ਆਪਣੇ ਵੀ ਦੇਸ਼ ਵਿਚ ਮਿਲ ਜਾਂਦੇ ਹਨ। ਗੱਲ ਕੀ ਧਰਤੀ ਦੇ ਕਿਸੇ ਵੀ ਕੋਨੇ ਵਿਚ ਚਲੇ ਜਾਉ।ਹੁਰ ਤਰ੍ਹਾਂ ਦੇ ਚੰਗੇ ਮਾੜੇ ਲੋਕ ਮਿਲ ਹੀ ਜਾਂਦੇ ਹਨ। ਉਦਾਹਰਣ ਦੇ ਲਈ, ਗੈਰੀ ਜਾਰਜ ਸਾਡੇ ਕੈਨੇਡਾ ਦੇ ਸੰਪਾਦਕ. ਅਵਰ ਕੈਨੇਡਾ ਰਸਾਲੇ ਦੇ ਹਨ ਜੋ ਰੀਡਰਜ਼ ਡਾਇਜ਼ੈਸਟ ਵਲੋਂ ਪ੍ਰਕਾਸ਼ਿਤ ਕੀਤਾ ਜਾਂਦਾ ਹੈ ,ਮੈਂ ਉਸ ਨਾਲ ਈਮੇਲਾਂ ਜ਼ਰੀਏ ਸੰਪਰਕ ਕਰਦਾ ਹਾਂ, ਪਰ ਉਸਦੇ ਸ਼ਬਦ, ਅੱਗੇ ਅਤੇ ਅੱਗੇ ਈਮੇਲਾਂ ਦੁਆਰਾ – ਉਹ ਮੈਨੂੰ ਬਹੁਤ ਨੇੜੇ ਮਹਿਸੂਸ ਹੁੰਦਾ ਹੈ ਜਿਵੇਂ ਉਸ ਨਾਲ ਕੋਈ ਅਟੁੱਟ ਰਿਸ਼ਤਾ ਹੋਵੇਂ। ਬਹੁਤ ਸਾਰੇ ਹੋਰ ਸੰਪਾਦਕ, ਮੇਅਰ, ਸਿਟੀ ਸਟਾਫ, ਐਮ ਪੀ ਚਿੱਟੇ, ਭੂਰੇ ਜਾਂ ਕਾਲੇ, ਭਾਰਤੀ, ਚਾਇਨੀਜ਼ ਜਾਂ ਕੈਨੇਡੀਅਨ ਮੇਰੇ ਬਹੁਤ ਨਜ਼ਦੀਕੀ ਦੋਸਤ ਮਿੱਤਰ ਹਨ, ਕਿਉਂਕਿ ਮੈਂ ਕੈਨੇਡੀਅਨ ਸਭਿਆਚਾਰ, ਕੈਨੇਡੀਅਨ ਜੀਵਣ ਨੂੰ ਅਪਣਾਇਆਂ ਹੈ। ਜੋ ਮੈਂ ਅਪਣਾਇਆਂ ਹੈ ਤੁਸੀਂ ਵੀ ਅਪਣਾ ਸਕਦੇ ਹੋ।

ਅਸੀਂ ਸਕੂਲ ਦੇ ਦਿਨਾਂ ਦੌਰਾਨ ਪ੍ਰੀਖਿਆਵਾਂ ਲਈ ਕਿਵੇਂ ਅਧਿਐਨ ਕਰਦੇ ਹਾਂ। ਜਦੋਂ ਤੁਸੀਂ ਕਨੇਡਾ ਵਿੱਚ ਘੁੰਮਦੇ ਹੋ, ਵੇਖੋ ਕਿ ਲੋਕ ਇਕ ਦੂਜੇ ਨਾਲ ਕਿਵੇਂ ਪੇਸ਼ ਆਉਂਦੇ ਹਨ। ਇਹ ਹਵਾਈ ਅੱਡੇ 'ਤੇ ਇਮੀਗ੍ਰੇਸ਼ਨ ਆਫਿਸਰ ਵੀ ਹੋ ਸਕਦਾ ਹੈ, ਟੈਕਸੀ ਡਰਾਈਵਰ ਜੋ ਤੁਹਾਨੂੰ ਘਰ ਤੱਕ ਛੱਡਣ ਆਇਆ ਹੈ ਉਹ ਵੀ ਹੋ ਸਕਦਾ ਹੈ। ਸਬਵੇਅ ਸਟੇਸ਼ਨ ਜਾਂ ਫਾਸਟ ਫੂਡ ਸਟੋਰ ਕੈਸ਼ੀਅਰ , ਬੈਂਕ ਵਿਚ ਪ੍ਰਬੰਧਕ. ਅਸਲ ਵਿੱਚ ਕੋਈ ਵੀ ਅਤੇ ਹਰ ਕੋਈ ਜਿਸ ਨੂੰ ਤੁਸੀਂ ਜ਼ਿੰਦਗੀ ਵਿੱਚ ਮਿਲਦੇ ਹੋ ਤੁਹਾਨੂੰ ਜਿਸ ਤੋਂ ਤੁਸੀਂ ਆਪਣੀ ਰੋਜ਼ਾਨਾਂ ਜ਼ਿੰਦਗੀ ਵਿਚ ਕੁਝ ਨਾ ਕੁਝ ਸਿੱਖਦੇ ਹੋ। ਆਪਸੀ ਸਤਿਕਾਰ ਅਤੇ ਸੀਮਾਵਾਂ. ਮੈਂ ਪਿਛਲੇ 30 ਸਾਲਾਂ ਤੋਂ ਇਹ ਕੀਤਾ ਹੈ ਅਤੇ ਇਹ ਕਰ ਰਿਹਾ ਹਾਂ, ਤੁਸੀਂ ਵੀ ਕਰ ਸਕਦੇ ਹੋ। ਜੋ ਤੂਹਾਨੂੰ ਇਕ ਕੈਨੇਡੀਅਨ ਸ਼ਹਿਰੀ ਹੋਣ ਦਾ ਮਾਣ , ਫਖਰ ਮਹਿਸੂਸ ਕਰਵਾਏਗਾ।

ਇਕ ਗੱਲ ਦਾ ਹਮੇਸ਼ਾ ਖਿਆਲ ਰੱਖੋ, ਕੋਈ ਵੀ ਧਰਮ ਜਾਂ ਸਭਿਆਚਾਰ ਛੋਟਾ ਜਾਂ ਵੱਡਾ ਨਹੀਂ ਹੁੰਦਾ। ਕੋਈ ਵੀ ਵਿਆਕਤੀ ਛੋਟਾ ਜਾਂ ਵੱਡਾ ਨਹੀਂ ਹੁੰਦਾ, ਜੇਕਰ ਕਿਤੇ ਕੋਈ ਛੋਟੇ ਵੱਡੇ ਅਮੀਰ ਗਰੀਬ ਦੀ ਗੱਲ ਆਉਂਦੀ ਹੈ ਤਾਂ ਉਹ ਹੁੰਦੀ ਹੈ ਇੰਨਸਾਨ ਦੀ ਸੌੜੀ ਸੋਚ।

ਜਦੋਂ ਤੁਸੀ ਕਿਸੇ ਗਲਤ ਅਤੇ ਕਿਸੇ ਚੀਜ ਦੇ ਵਿਚਕਾਰ ਅੰਤਰ ਨੂੰ ਸਮਝਣਾ ਸਿੱਖ ਗਏ ਤਾਂ ਸਮਝ ਲਉ, ਤੁਸੀ਼ ਦੂਸਰੇ ਦੇਸ਼ ਅਤੇ ਉਥੋ ਦੇ ਲੋਕਾਂ ਨੂੰ ਸਮਝ ਲਿਆਂ ਹੈ। ਜੋ ਮੈਂ ਕੀਤਾ ਹੈ ਤੁਸੀਂ ਵੀ ਕਰ ਸਕਦੇ ਹੋ।

ਯਾਦ ਰੱਖੋ, ਕੁਝ ਲੋਕ ਬਿਲਕੁਲ ਵੱਖਰੇ ਹੁੰਦੇ ਹਨ। ਹੋ ਸਕਦਾ ਹੈ ਕਿ ਤੁਸੀਂ ਉਹਨਾਂ ਦੀ ਕਦਰ ਨਾ ਕਰਨਾ ਚਾਹੋ, ਪਰ ਘੱਟੋ ਘੱਟ ਤੁਹਾਨੂੰ ਅੰਦਰੂਨੀ ਤੌਰ 'ਤੇ ਇਸ ਅੰਤਰ ਨੂੰ ਮੰਨਣਾ ਚਾਹੀਦਾ ਹੈ ਅਤੇ ਇਸ ਨੂੰ ਕੁਦਰਤੀ ਤੋਹਫੇ ਵਜੋਂ ਸਵੀਕਾਰ ਕਰਨਾ ਚਾਹੀਦਾ ਹੈ। ਨਹੀਂ ਤਾਂ ਤੁਸੀਂ ਆਪਣੇ ਆਪ ਨੂੰ ਅਲੱਗ ਕਰ ਲਓਗੇ ਅਤੇ ਹਰ ਪੱਛਮੀ ਨੂੰ ਪੱਖਪਾਤੀ, ਨਸਲਵਾਦੀ, ਗਲਤ ਜਾਂ ਹੰਕਾਰੀ ਵਜੋਂ ਵੇਖੋਗੇ। ਜੋ ਤੂਹਾਨੂੰ ਮਾਨਸਿਕ ਪ੍ਰੇਸ਼ਾਨੀ ਵਿਚ ਧਕੇਲ ਦੇਵੇਗਾ। ਜਿਸ ਤੋਂ ਸਾਨੂੰ ਉਪਰ ਉਠ ਕੇ ਸਭ ਨੂੰ ਇਕ ਸਮਾਨ ਸਮਝਦੇ ਹੋਏ ਇਕ ਪਰਿਵਾਰ ਦੀ ਤਰ੍ਹਾਂ ਰਹਿਣਾ ਚਾਹਿੰਦਾ ਹੈ। ਮੈਂ ਕੀਤਾ ਹੈ ਤੁਸੀਂ ਵੀ ਕਰ ਸਕਦੇ ਹੋ!

ਹਾਂ! ਤੁਹਾਡਾ ਭਵਿੱਖ ਅਤੇ ਕਿਸਮਤ ਉਹ ਹੈ ਜੋ ਤੁਸੀਂ ਇਸ ਨੂੰ ਬਣਾਉਂਦੇ ਹੋ। ਸਖਤ ਕੋਸ਼ਿਸ਼ ਕਰੋ, ਸਖਤ ਮਿਹਨਤ ਕਰੋ, ਅਤੇ ਪ੍ਰਮਾਤਮਾ ਅੱਗੇ ਸਭ ਦੀ ਸੁੱਖ, ਚੜ੍ਹਦੀ ਕਲਾਂ ਸਰਬੱਤ ਦੇ ਭਲੇ ਦੀ ਅਰਦਾਸ ਕਰੋ ਕਰੋ। ਹਰ ਕਿਸੇ ਕੋਲ ਆਪਣੀਆਂ - ਆਪਣਿਆਂ ਕਾਬਲੀਅਤਾਂ ਅਤੇ ਹੁਨਰ ਹੁੰਦੇ ਹਨ, ਉਹਨਾਂ ਸ਼ਕਤੀਆਂ ਕਾਬਲੀਅਤਾਂ ਹੁੰਨਰਾਂ ਦੀ ਆਪਣੇ ਅੰਦਰੋਂ ਪਛਾਣ ਕਰੋ ਅਤੇ ਆਪਣੇ ਕਮਜ਼ੋਰ ਖੇਤਰਾਂ ਦੀ ਪਛਾਣ ਕਰੋ ਅਤੇ ਉਨ੍ਹਾਂ ਨੂੰ ਸੁਧਾਰਨ ਲਈ ਸਖ਼ਤ ਮਿਹਨਤ ਕਰੋ। ਜਿਸ ਨਾਲ ਤੁਸੀਂ ਆਪਣੇ ਆਪ ਨੂੰ ਬਹੁਤ ਸੁਖੀ ਮਹਿਸੂਸ ਕਰੋਗੇ।

ਮੁੱਖ ਗੱਲ ਇਹ ਹੈ ਕਿ ਰੱਬ ਵਿਚ ਵਿਸ਼ਵਾਸ ਰੱਖੋ ਅਤੇ ਉਸ 'ਤੇ ਭਰੋਸਾ ਕਰੋ ਜੋ ਤੁਹਾਨੂੰ ਸਹੀ ਮਾਰਗ ਵੱਲ ਲੈ ਕੇ ਜਾਵੇਗਾ। ਇਸ ਦੇ ਨਾਲ ਹੀ ਆਪਣੀਆਂ ਕਾਬਲੀਅਤਾਂ, ਸ਼ਕਤੀਆਂ ਅਤੇ ਨਿਰਣੇ 'ਤੇ ਵੀ ਭਰੋਸਾ ਕਰੋ।

ਨਿਮਰ, ਆਦਰਯੋਗ ਅਤੇ ਸੁਸ਼ੀਲ ਬਣੋ। ਤੁਸੀਂ ਆਈਟੀ ਪ੍ਰਤੀਭਾ ਜਾਂ ਦਿਲ ਦੇ ਸਰਜਨ ਨਹੀਂ ਹੋ ਸਕਦੇ। ਪਰ ਕੋਈ ਸ਼ਾਇਦ ਤੁਹਾਨੂੰ ਸਿਰਫ ਤੁਹਾਡੇ ਸੁਭਾਅ ਅਤੇ ਰਵੱਈਏ ਦੇ ਕਾਰਨ ਪਸੰਦ ਕਰ ਸਕਦਾ ਹੈ ਅਤੇ ਤੁਹਾਡੀ ਮਦਦ ਕਰ ਸਕਦਾ ਹੈ ਅਤੇ ਤੁਹਾਡੀ ਕਾਬਲੀਅਤ ਨੂੰ ਪਰਖ ਸਕਦਾ ਹੈ। .

ਇਹ ਹੀ ਸਾਡਾ ਕਨੈਡਾ ਹੈ. ਅਤੇ ਇਹ ਹੀ ਕਾਇਦੇ ਕਾਨੂੰਨਾਂ ਦੀ ਸਾਨੂੰ ਪਾਲਣਾ ਕਰਨ ਦੀ ਜ਼ਰੂਰਤ ਹੈ। ਇਹ ਇੱਕ ਕੈਨੇਡੀਅਨ ਸਭਿਆਚਾਰ ਹੈ। ਮੈਂ ਇਸਨੂੰ ਅਨੁਕੂਲ ਬਣਾਇਆ ਹੈ, ਅਤੇ ਤੁਸੀਂ ਵੀ ਬਣਾ ਸਕਦੇ ਹੋ।

ਆਖਰਕਾਰ! ਯਾਦ ਰੱਖੋ ਤੁਸੀਂ ਕੈਨੇਡਾ ਵਿੱਚ ਰਹਿਣਾ ਚਾਹੁੰਦੇ ਸੀ. ਤੁਸੀਂ ਇਥੇ ਪਹੁੰਚ ਚੁੱਕੇ ਹੋ, ਇਥੇ ਪਹੁੰਚਣ ਲਈ ਸਖ਼ਤ ਸੰਘਰਸ਼ ਕੀਤਾ ਹੈ। ਇਥੇ ਜ਼ਿੰਦਗੀ ਨੂੰ ਖੂਬਸੂਰਤ ਬਣਾਉਣ ਲਈ ਇਹ ਥੋੜਾ ਹੋਰ ਸੰਘਰਸ਼ ਕਰ ਲਉ। ਮੈਂ ਕੀਤਾ ਹੈ ਤੁਸੀਂ ਵੀ ਕਰ ਸਕਦੇ ਹੋ। ਸੁਖੀ ਜੀਵਨ, ਜਿਸ ਨਾਲ ਸਭ ਨੂੰ ਖੁਸ਼ੀ ਦਿੱਤੀ ਜਾ ਸਕੇ ਉਹ ਹੀ ਇਕ ਪੂਰਨ ਸੱਚ ਹੈ। ਜਿਸ ਤੇ ਪਹਿਰਾ ਦੇਣ ਦੀ ਲੋੜ ਹੈ। ਕੋਸ਼ਿਸ ਜਰੂਰ ਕਰੋ। ਮੈਂ ਰੋਜ਼ ਦੇਖਦਾ ਹਾਂ ਸਾਡੇ ਭਾਰਤੀ ਲੋਕ ਸੜਕਾਂ ਤੇ ਤੇਜ ਰਫਤਾਰ ਨਾਲ ਅੱਗੇ ਤੋਂ ਤੋ ਅੱਗੇ ਵਧਦੇ ਹਨ। ਕਈ ਜਾਨ ਗਵਾ ਚੁਕੇ ਹਨ। ਜੋ ਸਪੀਡ ਲਿਮਟ ਜਿਸ ਜਿਸ ਸੜਕ ਤੇ ਨਿਰਧਾਰਿਤ ਕੀਤੀ ਹੋਈ ਹੈ ਉਸ ਦੇ ਹਿਸਾਬ ਨਾਲ ਹੀ ਚਲੋ। ਦੂਸਰਾਂ ਸ਼ਰਾਬ ਪੀ ਕੇ ਗੱਡੀ ਨਾ ਚਲਾਉ। ਤੁਹਾਡੇ ਮਾਂ ਬਾਪ , ਭੈਣ- ਭਰਾ, ਕਿਸੇ ਦੀ ਘਰਵਾਲੀ , ਬੱਚੇ ਆਪੋ ਆਪਣੇ ਘਰ ਉਹਨਾਂ ਦੀ ਇੰਤਜਾਰ ਕਰ ਰਹੇ ਹਨ ਤੇ ਤੁਹਾਡੇ ਵੀ ਹੋਣਗੇ। ਆਪਣੀ ਜ਼ਿੰਦਗੀ ਵਾਰੇ ਵੀ ਸੋਚੋ ਅਤੇ ਦੂਜਿਆਂ ਵਾਰੇ ਵੀ ਸੋਚੋ। ਜਿਸ ਵਿਚ ਹੀ ਸਭ ਦੀ ਭਲਾਈ ਹੈ।

# ਓਨਟਾਰੀਓ ਦੀ ਚਾਰ ਸਾਲਾ ਮੈਥ ਸਟਰੈਟੇਜੀ ਲਈ ਪਹਿਲੇ ਸਾਲ ਕੀਤੇ ਜਾਣ ਵਾਲੇ ਨਿਵੇਸ਼ ਦੇ ਵੇਰਵਿਆਂ ਦਾ ਐਲਾਨ

...ਪੰਨਾ 1 ਦਾ ਬਾਕੀ

ਅਸੀਂ ਯਥਾ ਸਥਿਤੀ ਸਵੀਕਾਰ ਨਹੀਂ ਕਰਾਂਗੇ। ਅਸੀਂ ਕਈ ਸਾਲਾਂ ਤੱਕ ਚੱਲਣ ਵਾਲੀ ਰਣਨੀਤੀ ਵਿੱਚ ਨਿਵੇਸ਼ ਕਰਕੇ ਆਪਣੇ ਬੱਚਿਆਂ ਦੇ ਭਵਿੱਖ ਲਈ ਬਿਹਤਰ ਦੀ ਮੰਗ ਕਰ ਰਹੇ ਹਾਂ। ਇਸ ਰਣਨੀਤੀ ਨਾਲ ਪਹਿਲੇ ਦਿਨ ਤੋਂ ਹੀ ਸਾਡੇ ਵਿਦਿਆਰਥੀਆਂ ਤੇ ਐਜੂਕੇਟਰਜ਼ ਵਿੱਚ ਵਿਸ਼ਵਾਸ ਪੈਦਾ ਹੋਵੇਗਾ ਤੇ ਮੈਥ ਦੇ ਖੇਤਰ ਵਿੱਚ ਅੱਗੇ ਵੱਧਣ ਦੀ ਕਾਬਲੀਅਤ ਆਵੇਗੀ।

ਸਰਕਾਰ ਨੇ ਐਲਾਨ ਕੀਤਾ ਕਿ 200 ਮਿਲੀਅਨ ਡਾਲਰ ਦੀ ਮੈਥ ਸਟਰੈਟੇਜੀ ਤਹਿਤ ਫੰਡਿੰਗ ਦੇ ਪਹਿਲੇ ਸਾਲ 2019-2020 ਸਕੂਲ ਵਰ੍ਹੇ ਵਿੱਚ 55 ਮਿਲੀਅਨ ਡਾਲਰ ਦਾ ਮੁੱਢਲਾ ਨਿਵੇਸ਼ ਕੀਤਾ ਜਾਵੇਗਾ। ਇਹ ਨਿਵੇਸ਼ ਵਿਦਿਆਰਥੀਆਂ ਤੇ ਐਜੂਕੇਟਰਜ਼ ਲਈ ਪ੍ਰੋਗਰਾਮਿੰਗ ਤੇ ਸਰੋਤਾਂ ਵਿੱਚ ਮਦਦ ਕਰੇਗਾ ਤੇ ਇਸ ਦੌਰਾਨ ਮੈਥ ਦੇ ਮੂਲ ਰੂਪ ਨੂੰ ਸਿਖਾਉਣ ਉੱਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਇਹ ਨਿਵੇਸ਼ ਹੇਠ ਲਿਖੇ ਅਨੁਸਾਰ ਕੀਤਾ ਜਾਵੇਗਾ:

- ਪ੍ਰੋਵਿੰਸ ਦੇ ਸਾਰੇ ਸਕੂਲ ਬੋਰਡਜ਼ ਨੂੰ ਫੰਡ ਮੁਹੱਈਆ ਕਰਵਾਏ ਜਾਣਗੇ ਤਾਂ ਕਿ ਮੈਥਸ ਸਿਖਾਉਣ ਵੱਲ ਧਿਆਨ ਲਾਇਆ ਜਾ ਸਕੇ ਤੇ ਇਸ ਨਾਲ ਬੋਰਡ ਪੱਧਰ ਦੀਆਂ ਸੁਧਾਰ ਸਬੰਧੀ ਕੋਸ਼ਿਸ਼ਾਂ ਲਈ ਤਾਲਮੇਲ ਕੀਤਾ ਜਾਵੇਗਾ ਤੇ ਇਸ ਲਈ ਸਹਾਇਤਾ ਕੀਤੀ ਜਾਵੇਗੀ।
- ਚੁਣੇ ਗਏ 700 ਐਲੀਮੈਂਟਰੀ ਤੇ ਸੈਕੰਡਰੀ ਸਕੂਲਾਂ ਵਿੱਚ ਟਰੇਨਿੰਗ ਤੇ ਕੋਚਿੰਗ ਵਿੱਚ ਨਿਵੇਸ਼ ਕੀਤਾ ਜਾਵੇਗਾ। ਐਜੂਕੇਟਰਜ਼ ਦੀ ਮਾਹਿਰਾਂ ਤੇ ਸਬੂਤਾਂ ਉੱਤੇ ਆਧਾਰਤ ਹਦਾਇਤਾਂ ਤੱਕ ਸਿੱਧੀ ਪਹੁੰਚ ਕਾਇਮ ਕੀਤੀ ਜਾਵੇਗੀ ਤਾਂ ਕਿ ਮੈਥ ਦੇ ਖੇਤਰ ਵਿੱਚ ਵਿਦਿਆਰਥੀਆਂ ਨੂੰ ਮਾਹਰ ਬਣਾਉਣ ਲਈ ਗਿਆਨ ਤੇ ਸਿੱਖਿਆ ਸ਼ਾਸਤਰ ਵਿਕਸਤ ਕੀਤਾ ਜਾ ਸਕੇ।
- ਉੱਚ ਮਿਆਰੀ ਮੈਥ ਹਦਾਇਤਾਂ ਸਿਰਫ ਕਲਾਸਰੂਮਜ਼ ਤੱਕ ਹੀ ਸੀਮਤ ਨਾ ਰਹਿਣ, ਇਹ ਯਕੀਨੀ ਬਣਾਉਣ ਲਈ ਵਿਦਿਆਰਥੀਆਂ ਲਈ ਆਨਲਾਈਨ ਟਿਊਟੋਰਿੰਗ ਪ੍ਰੋਗਰਾਮਾਂ ਦਾ ਪਸਾਰ ਕੀਤਾ ਜਾਵੇਗਾ।
- ਲਰਨਿੰਗ ਘਾਟੇ ਨੂੰ ਰੋਕਣ ਲਈ ਸਮਰ ਲਰਨਿੰਗ ਪ੍ਰੋਗਰਾਮਜ਼ ਵਾਸਤੇ 6 ਮਿਲੀਅਨ ਡਾਲਰ ਦਿੱਤੇ ਜਾਣਗੇ।
- ਇਹ ਯਕੀਨੀ ਬਣਾਉਣ ਲਈ ਕਿ ਪ੍ਰੋਫੈਸ਼ਨ ਵਿੱਚ ਦਾਖਲ ਹੋ ਰਹੇ ਨਵੇਂ ਅਧਿਆਪਕਾਂ ਕੋਲ ਮੈਥ ਪੜ੍ਹਾਉਣ ਦਾ ਹੁਨਰ ਹੋਵੇ, ਜਿੱਥੇ ਵੀ ਢੁਕਵਾਂ ਲੱਗੇ ਉਨ੍ਹਾਂ ਦੀ ਟੀਚਿੰਗ ਵਿੱਚ ਮੈਥ ਨੂੰ ਸ਼ਾਮਲ ਕੀਤਾ ਜਾਵੇਗਾ, ਮੈਥਸ ਵਿੱਚ ਮਹਾਰਤ ਰੱਖਣ ਵਾਲੇ ਐਜੂਕੇਟਰਜ਼ ਲਈ ਉਚੇਚੇ ਤੌਰ ਉੱਤੇ ਨਿਵੇਸ਼ ਕੀਤਾ ਜਾਵੇਗਾ।
- ਅਧਿਆਪਕਾਂ ਲਈ ਅਡੀਸ਼ਨਲ ਕੁਆਲੀਫਿਕੇਸ਼ਨ (ਏਕਿਊ) ਮੈਥ ਕੋਰਸਿਜ਼ ਨੂੰ ਸਬਸਿਡਾਈਜ਼ ਕਰਵਾਉਣ ਲਈ 4 ਮਿਲੀਅਨ ਡਾਲਰ ਦਾ ਯੋਗਦਾਨ ਪਾਇਆ ਜਾਵੇਗਾ, ਜਿਸ ਨਾਲ ਹੋਰ ਹੁਨਰ ਨਿਖਾਰਨ ਵਿੱਚ ਮਦਦ ਮਿਲੇਗੀ ਤੇ ਕਲਾਸਾਂ ਵਿੱਚ ਐਜੂਕੇਟਰਜ਼ ਦਾ ਕਾਨਫੀਡੈਂਸ ਉੱਚਾ ਚੁੱਕਣ ਵਿੱਚ ਮਦਦ ਮਿਲੇਗੀ।

# ਭਾਰਤ ਵਿੱਚ ਸੈਨੇਟਰੀ ਨੈਪਕਿਨ ਇਕ ਰੁਪਏ ਦਾ ਮਿਲੇਗਾ

ਨਵੀਂ ਦਿੱਲੀ, 28 ਅਗਸਤ (ਪੋਸਟ ਬਿਊਰੋ)- ਔਰਤਾਂ ਦੀ ਹਾਈਜੀਨ ਸਮੱਸਿਆ ਨੂੰ ਦੇਖਦੇ ਹੋਏ ਸਰਕਾਰ ਉਨ੍ਹਾਂ ਲਈ ਸਿਰਫ ਇਕ ਰੁਪਏ ਵਿੱਚ ਸੈਨੇਟਰੀ ਨੈਪਕਿਨ ਹਾਸਲ ਕਰਵਾਏਗੀ। ਇਸ ਲਈ ਸਰਕਾਰ ਨੇ ਕੱਲ੍ਹ ਜਨ ਔਸ਼ਧੀ ਕੇਂਦਰਾਂ 'ਤੇ ਵਿਕਣ ਵਾਲੇ ਸੈਨੇਟਰੀ ਨੈਪਕਿਨ ਦੀ ਕੀਮਤ ਘਟਾ ਕੇ ਇਕ ਰੁਪਿਆ ਪ੍ਰਤੀ ਪੈਡ ਕਰ ਦਿੱਤੀ ਹੈ। ਚਾਰ ਦੇ ਪੈਕ 'ਚ ਵਿਕਣ ਵਾਲੇ 'ਸੁਵਿਧਾ' ਨਾਂ ਦੇ ਇਹ ਬਾਇਓਗ੍ਰੇਡੇਬਲ ਸੈਨੇਟਰੀ ਨੈਪਕਿਨ ਦੇਸ਼ ਦੇ 5500 ਜਨ ਔਸ਼ਧੀ ਕੇਂਦਰਾਂ 'ਤੇ ਰਿਆਇਤੀ ਕੀਮਤ 'ਤੇ ਮਿਲਣਗੇ ਅਤੇ ਸੌਖੀ ਤਰ੍ਹਾਂ ਲਏ ਜਾ ਸਕਣਗੇ।

ਕੱਲ੍ਹ ਇਥੇ ਇਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਕੈਮੀਕਲ ਤੇ ਫਰਟੀਲਾਈਜ਼ਰ ਮੰਤਰੀ ਡੀ ਵੀ ਸਦਾਨੰਦ ਗੌੜਾ ਨੇ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਵੱਲੋਂ ਦੇਸ਼ ਦੇ ਗਰੀਬਾਂ ਲਈ ਕੀਤੇ ਕੰਮਾਂ 'ਚ ਇਹ ਸਭ ਤੋਂ ਵੱਡੀਆਂ ਪ੍ਰਾਪਤੀਆਂ ਵਿੱਚੋਂ ਇਕ ਹੈ। ਉਨ੍ਹਾਂ ਕਿਹਾ ਕਿ 2019 ਦੀਆਂ ਲੋਕ ਸਭਾ ਚੋਣਾਂ ਪੀ ਐਮ ਨਰਿੰਦਰ ਮੋਦੀ ਨੇ ਭਰੋਸਾ ਦਿੱਤਾ ਸੀ ਕਿ 100 ਦਿਨਾਂ ਦੇ ਅੰਦਰ ਦੇਸ਼ ਦੀਆਂ ਗਰੀਬ ਔਰਤਾਂ ਨੂੰ ਇਕ ਰੁਪਏ 'ਚ ਸੈਨੇਟਰੀ ਨੈਪਕਿਨ ਹਾਸਲ ਕਰਵਾਏ ਜਾਣਗੇ।

ਇਸ ਦੌਰਾਨ ਕੈਮੀਕਲ ਅਤੇ ਫਰਟੇਲਾਈਜ਼ਰ ਮੰਤਰੀ ਮਨਮੁਖੀ ਮੰਡਾਵੀਆ ਨੇ ਕਿਹਾ ਹੈ ਕਿ ਸਰਕਾਰ ਨੇ ਕੱਲ੍ਹ ਤੋਂ ਇਕ ਰੁਪਏ 'ਚ ਆਕਸੋ ਬਾਇਓਗ੍ਰੇਡੇਬਲ ਸੈਨੇਟਰੀ ਨੈਪਕਿਨ ਲਾਂਚ ਕਰ ਦਿੱਤਾ ਹੈ ਅਤੇ ਔਰਤਾਂ ਦਾ ਮਜ਼ਬੂਤੀਕਰਨ ਮੋਦੀ ਸਰਕਾਰ ਦੀ ਅਹਿਮ ਪਹਿਲ ਹੈ। ਮੰਡਾਵੀਆ ਨੇ ਕਿਹਾ ਕਿ ਪਿਛਲੇ ਇਕ ਸਾਲ ਦੌਰਾਨ ਜਨ ਔਸ਼ਧੀ ਕੇਂਦਰਾਂ ਤੋਂ 22 ਕਰੋੜ ਸੈਨੇਟਰੀ ਨੈਪਕਿਨ ਵੇਚੇ ਗਏ। ਇਨ੍ਹਾਂ ਦੀਆਂ ਕੀਮਤਾਂ 'ਚ ਕਮੀ ਕਾਰਨ ਇਨ੍ਹਾਂ ਦੀ ਵਿਕਰੀ ਕਈ ਗੁਣਾ ਵਧਣ ਦੀ ਆਸ ਹੈ। ਸਰਕਾਰ ਨੇ ਇਨ੍ਹਾਂ ਦੁਕਾਨਾਂ 'ਤੇ ਉਪਲਬਧ ਜੈਨੇਰਿਕ ਦਵਾਈਆਂ ਦੇ ਵੇਰਵੇ ਦੇ ਨਾਲ-ਨਾਲ ਜਨ ਔਸ਼ਧੀ ਦੁਕਾਨਾਂ ਦਾ ਪਤਾ ਗਾਉਣ ਲਈ ਜਨ ਔਸ਼ਧੀ ਸੁਗਮ ਮੋਬਾਈਲ ਐਪ ਲਾਂਚ ਕੀਤਾ ਹੈ।

# ਸ਼ੂਟਿੰਗ ਕੋਚ ਨੂੰ ਰੇਪ ਦੀ ਧਮਕੀ ਦੇ ਕੇ ਮਹਿਲਾ ਨੇ 29 ਲੱਖ ਠੱਗੇ, ਪੰਜਾਹ ਲੱਖ ਹੋਰ ਮੰਗ ਕੇ ਫਸੀ

ਕੁਰੂਕਸ਼ੇਤਰ, 28 ਅਗਸਤ (ਪੋਸਟ ਬਿਊਰੋ)- ਬਲਾਤਕਾਰ ਅਤੇ ਖੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ ਵਿੱਚ ਫਸਾਉਣ ਦੀ ਧਮਕੀ ਦੇ ਕੇ ਇੱਕ ਮਹਿਲਾ ਵੱਲੋਂ ਸ਼ੂਟਿੰਗ ਕੋਚ ਨੂੰ ਬਲੈਕਮੇਲ ਕਰਨ ਦਾ ਪਤਾ ਲੱਗਾ ਹੈ। ਮਹਿਲਾ ਉਸ ਕੋਲੋਂ 29 ਲੱਖ ਰੁਪਏ ਠੱਗ ਕੇ ਪੰਜਾਹ ਲੱਖ ਹੋਰ ਦੇਣ ਦਾ ਦਬਾਅ ਬਣਾ ਰਹੀ ਸੀ। ਜਦੋਂ ਉਹ ਪੈਸੇ ਲੈਣ ਪਹੁੰਚੀ ਸੀ ਤਾਂ ਉਸ ਮਹਿਲਾ ਨੂੰ ਪੁਲਸ ਨੇ ਨੂੰ ਥਰਡ ਗੇਟ ਦੇ ਨੇੜਿਓਂ ਗ੍ਰਿਫਤਾਰ ਕਰ ਲਿਆ।

ਕੈਥਲ ਰੋਡ ਦੀ ਇੱਕ ਪ੍ਰਸਿੱਧ ਟਰੇਨਿੰਗ ਸੰਸਥਾ ਦੇ ਸ਼ੂਟਿੰਗ ਕੋਚ ਬਲਬੀਰ ਸਿੰਘ ਨੇ ਦੱਸਿਆ ਕਿ ਉਹ ਸ਼ੂਟਿੰਗ ਦਾ ਰਾਸ਼ਟਰੀ ਪੱਧਰ ਦਾ ਚੈਂਪੀਅਨ ਹੈ ਅਤੇ ਆਰਮੀ ਅਤੇ ਸੀ ਆਈ ਐੱਸ ਐੱਫ ਵਿੱਚ ਸਾਲ 2006 ਤੱਕ ਬਤੌਰ ਸ਼ੂਟਿੰਗ ਕੋਚ ਸੇਵਾਵਾਂ ਦੇ ਚੁੱਕਾ ਹੈ ਅਤੇ ਸਾਲ 2006 ਤੋਂ ਕੁਰੂਕਸ਼ੇਤਰ ਦੀ ਟਰੇਨਿੰਗ ਸੰਸਥਾ ਵਿੱਚ ਸ਼ੂਟਿੰਗ ਕੋਚ ਹੈ। ਬਲਬੀਰ ਸਿੰਘ ਦੇ ਮੁਤਾਬਕ ਜੂਨ 2018 ਵਿੱਚ ਸੈਕਟਰ 17 ਜਗਾਧਰੀ ਜਮਨਾਨਗਰ ਦੀ ਇੱਕ ਮਹਿਲਾ ਦਾ ਬੇਟਾ ਇੱਕ ਮਹੀਨੇ ਲਈ ਸਕੂਲ ਦੀਆਂ ਛੁੱਟੀਆਂ ਵਿੱਚ ਮੇਰੇ ਕੋਲ ਸ਼ੂਟਿੰਗ ਦੀ ਕੋਚਿੰਗ ਲੈਣ ਆਇਆ ਸੀ। ਮਹੀਨਾ ਬੀਤਣ 'ਤੇ ਲੜਕੇ ਦੀ ਮਾਂ ਆਈ ਅਤੇ ਉਸ ਨੇ ਕਿਹਾ ਕਿ ਇੱਕ ਮਹੀਨੇ ਦੀ ਟਰੇਨਿੰਗ ਨਾਲ ਮੇਰੇ ਬੇਟੇ ਵਿੱਚ ਕਾਫੀ ਸੁਧਾਰ ਆਇਆ ਹੈ, ਉਹ ਉਸੇ ਤੋਂ ਬੇਟੇ ਦੀ ਕੋਚਿੰਗ ਦਿਵਾਏਗੀ। ਇਸ 'ਤੇ ਉਸ ਨੇ ਮਹਿਲਾ ਨੂੰ ਸਲਾਹ ਦਿੱਤੀ ਕਿ ਇਥੇ ਉਸ ਦੇ ਬੇਟੇ ਦਾ ਦਾਖਲਾ ਨਹੀਂ ਹੋ ਸਕਦਾ, ਤੁਸੀਂ ਸ਼ਹਿਰ ਦੇ ਪ੍ਰਾਈਵੇਟ ਸਕੂਲ ਐਡਮਿਸ਼ਨ ਕਰਾ ਦਿਓ, ਉਥੇ ਸ਼ੂਟਿੰਗ ਰੇਂਜ ਹੈ ਤੇ ਉਹ ਵੀ ਉਸ ਦੇ ਬੇਟੇ ਦਾ ਧਿਆਨ ਰੱਖੇਗਾ। ਗੱਲਬਾਤ ਦੌਰਾਨ ਉਸ ਦਾ ਮੋਬਾਈਲ ਨੰਬਰ ਲੈ ਗਈ। ਫਿਰ ਉਹ ਹਫਤੇ ਵਿੱਚ ਦੋ-ਤਿੰਨ ਵਾਰ ਫੋਨ ਕਰਨ ਲੱਗੀ। ਉਸ ਨੇ ਦੱਸਿਆ ਕਿ ਉਨ੍ਹਾਂ ਦੀ ਜੀਰਕਪੁਰ ਵਿੱਚ ਦਵਾ ਦੀ ਫੈਕਟਰੀ ਅਤੇ ਫਲੈਟ ਅਤੇ ਜਮਨਾਨਗਰ ਵਿੱਚ ਉਸ ਦਾ ਘਰ ਹੈ, ਜਦ ਜਮਨਾਨਗਰ ਜਾਂ ਜੀਰਕਪੁਰ ਚੱਕਰ ਲੱਗੇ ਤਾਂ ਘਰ ਆਉਣਾ, ਪਤੀ ਤੇ ਬੱਚੇ ਉਨ੍ਹਾਂ ਨੂੰ ਮਿਲ ਕੇ ਖੁਸ਼ ਹੋਣਗੇ। ਮੇਰਾ ਦੋ ਤਿੰਨ ਵਾਰ ਜਮਨਾਨਗਰ ਅਤੇ ਜੀਰਕਪੁਰ ਚੱਕਰ ਲੱਗਾ ਤਾਂ ਉਸ ਮਹਿਲਾ ਦੇ ਘਰ ਵੀ ਗਿਆ। ਕੋਚ ਨੇ ਦੱਸਿਆ ਕਿ ਸਤੰਬਰ 2018 ਤੋਂ ਲੈ ਕੇ ਮਹਿਲਾ 29 ਲੱਖ ਰੁਪਏ ਲੈ ਚੁੱਕੀ ਹੈ। ਕੁਝ ਦਿਨ ਪਹਿਲਾਂ ਜਦ ਪੈਸਾ ਵਾਪਸ ਮੰਗਿਆ ਤਾਂ ਉਸ ਨੇ ਕਿਹਾ ਕਿ ਜੋ ਪੇਮੈਂਟ ਦਿੱਤੀ, ਉਸ ਨੂੰ ਭੁੱਲ ਜਾਓ ਅਤੇ ਪੰਜਾਹ ਲੱਖ ਹੋਰ ਦਿਓ, ਫਿਰ ਕਦੇ ਪੈਸਾ ਨਹੀਂ ਮੰਗੇਗੀ।

# ਹਾਈ ਬਲੱਡ ਪ੍ਰੈਸ਼ਰ : ਦਵਾਈਆਂ ਦੀ ਗਲਤ ਵਰਤੋਂ ਨਾਲ ਦਿਲ, ਗੁਰਦੇ ਤੇ ਦਿਮਾਗੀ ਰੋਗ ਦਾ ਖਤਰਾ ਵਧ ਰਿਹੈ

ਕੋਲਕਾਤਾ, 28 ਅਗਸਤ (ਪੋਸਟ ਬਿਊਰੋ)- ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਵਿੱਚ ਗੈਰ ਜ਼ਰੂਰੀ ਦਵਾਈਆਂ ਦੀ ਗਲਤ ਵਰਤੋਂ ਨਾਲ ਦਿਲ, ਗੁਰਦੇ ਤੇ ਦਿਮਾਗ ਦੀ ਸਮੱਸਿਆ ਤੇ ਬਿਮਾਰੀਆਂ ਵੀ ਹੋ ਸਕਦੀਆਂ ਹਨ। ਇਹ ਜਾਣਕਾਰੀ ਇੰਡੀਅਨ ਹਾਰਟ ਐਸੋਸੀਏਸ਼ਨ (ਆਈ ਐੱਚ ਓ) ਨੇ ਦਿੱਤੀ ਹੈ।



ਆਈ ਐੱਚ ਓ ਨੇ ਆਪਣੀ ਸਟੱਡੀ ਵਿੱਚ ਦੇਖਿਆ ਕਿ ਆਮ ਭਾਰਤੀ ਔਸਤਨ 80 ਬੀਟ ਪ੍ਰਤੀ ਮਿੰਟ ਦਿਲ ਦੀ ਧੜਕਣ ਦੇ ਰੇਟ 'ਤੇ ਆਰਾਮ ਨਾਲ ਰਹਿ ਲੈਂਦਾ ਹੈ, ਜਦ ਕਿ ਲੋੜੀਂਦੀ ਦਰ 72 ਬੀਟ ਪ੍ਰਤੀ ਮਿੰਟ ਹੈ। ਆਈ ਐੱਚ ਓ ਨੇ ਇਸ ਗੱਲ ਨੂੰ ਪ੍ਰਮੁੱਖਤਾ ਦਿੱਤੀ ਹੈ ਕਿ ਦੂਸਰੇ ਦੇਸ਼ਾਂ ਦੇ ਉਲਟ ਭਾਰਤੀਆਂ ਦਾ ਬਲੱਡ ਪ੍ਰੈਸ਼ਰ ਸਵੇਰ ਦੇ ਮੁਕਾਬਲੇ ਸ਼ਾਮ ਨੂੰ ਹਾਈ ਰਹਿੰਦਾ ਹੈ। ਇਹ ਅਧਿਐਨ 18918 ਲੋਕਾਂ 'ਤੇ ਕੀਤਾ ਗਿਆ, ਜਿਸ ਵਿੱਚ ਮਰਦ ਤੇ ਔਰਤਾਂ ਸ਼ਾਮਲ ਸਨ ਤੇ ਇਹ ਐਂਟੀ-ਹਾਈਪਰਟੈਂਸ਼ਨ ਦਵਾਈ ਦੀ ਖੁਰਾਕ ਤੇ ਸਮਾਂ ਮਿਥਣ ਬਾਰੇ ਮੁੜ ਵਿਚਾਰ ਲਈ 19 ਡਾਕਟਰਾਂ ਨੇ ਕੀਤਾ ਹੈ। ਆਈ ਐਚ ਓ ਦੇ ਡਾਕਟਰ ਸੌਮਿੱਤਰ ਕੁਮਾਰ ਦਾ ਕਹਿਣਾ ਹੈ ਕਿ ਵ੍ਹਾਈਟ ਕੋਟ ਹਾਈ ਬਲੱਡ ਪ੍ਰੈਸ਼ਰ ਦੀ ਵੱਧ ਮਾਤਰਾ, ਹਾਈ ਬਲੱਡ ਪ੍ਰੈਸ਼ਰ ਤੋਂ ਪੀੜਤ ਭਾਰਤੀ ਆਬਾਦੀ ਲਈ ਦਿਲ ਦੀ ਧੜਕਣ ਨੂੰ ਆਰਾਮ ਦਿੰਦੀ ਹੈ।

ਮਾਸਕ ਹਾਈ ਬਲੱਡ ਪ੍ਰੈਸ਼ਰ ਅਜਿਹੀ ਸਥਿਤੀ ਹੈ, ਜਦ ਡਾਕਟਰ ਕੋਲ ਜਾਣ 'ਤੇ ਮਰੀਜ਼ ਦਾ ਬਲੱਡ ਪ੍ਰੈਸ਼ਰ ਸਧਾਰਨ ਰਹਿੰਦਾ ਹੈ, ਪਰ ਘਰ ਵਿੱਚ ਵਧ ਜਾਂਦਾ ਹੈ। ਵ੍ਹਾਈਟ ਕੋਟ ਹਾਈ ਬਲੱਡ ਪ੍ਰੈਸ਼ਰ ਵਿੱਚ ਲੋਕ ਸਿਰਫ ਇਲਾਜ ਦੌਰਾਨ ਆਮ ਹੱਦ ਤੋਂ ਉਪਰ ਬਲੱਡ ਪ੍ਰੈਸ਼ਰ ਦਾ ਪੱਧਰ ਸ਼ੋਅ ਕਰਦੇ ਹਨ। ਅਧਿਐਨ ਵਿੱਚ ਕਿਹਾ ਗਿਆ ਹੈ ਕਿ ਇੱਕ ਛਪੇ ਹੋਏ ਹਾਈ ਬਲੱਡ ਪ੍ਰੈਸ਼ਰ ਤੋਂ ਪੀੜਤ ਵਿਅਕਤੀ ਆਮ ਦਵਾਈ 'ਤੇ ਰਹਿ ਸਕਦਾ ਹੈ।

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜ਼ੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਫਰੀ ਪਿਕਅਪ
Best Rates For Lessons
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON FM 91.9
EVERYDAY 1PM TO 2PM
HOST: Harjinder Singh Gill
Ramz Punjabi RADIO & TV
An expression of the community
647.400.6862 | RAMZPUNJABI@GMAIL.COM | WWW.RAMZPUNJABI.COM

Aikam MEDIA GROUP
Radio Punjab
Monday to Friday 2:00PM to 3:00PM on 89.5 FM
Aikam TV
Every Saturday on Vision TV Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# ਸਹਾਰਾ ਸੀਨੀਅਰ ਸਰਵਸਿਜ਼ ਨੇ ਆਪਣੀ ਦੂਜੀ ਪਿਕਨਿਕ ਮਨਾਈ



ਸਹਾਰਾ ਸੀਨੀਅਰ ਸਰਵਸਿਜ਼ ਨੇ ਗਰਮੀਆਂ ਦੀ 2019 ਦੀ ਦੂਸਰੀ ਪਿਕਨਿਕ ਕਿਨਗਯਬਰਿਜ ਪਾਰਕ ਨਿਆਗਰਾ ਫਾਲਯ ਵਿੱਚ 22 ਅਗਸਤ ਵਾਲੇ ਦਿਨ ਬੜੀਧੂਮ ਧਾਮ ਨਾਲ ਮਨਾਈ। ਇਹ ਅਤੀ ਸੁੰਦਰ ਪਾਰਕ ਨਿਆਗਰਾ ਫਾਲਯ ਦੇ ਚੜਦੇ ਪਾਸੇਨਿਆਗਰਾ ਦਰਿਆ ਤੇ ਸਥਿੱਤ ਹੈ ।

22 ਅਗਸਤ 9.30 ਵਜੇ, ਊਦਮ,ਮਨਿੰਦਰ ਅਤੇ ਮਾਧਵੀ ਦੀ ਜਿਮੇਂਦਾਰੀ ਵਿੱਚ ਤਿੰਨ ਬੱਸਾਂ ਮਿਸਿਸਸਾਗਾ ਤੋਂ ਰਵਾਨਾ ਹੋਕੇ ਤਕਰੀਬਨ 11.30ਵਜੇ ਪਾਰਕ ਵਿੱਚ ਪਹੁੰਚੀਆਂ । ਰਸਤੇ ਦਾ ਸਫਰ ਸੱਭਨੇ ਗੀਤਾਂ ਅਤੇ ਚਟਕਲੇ ਸੁਣਾ ਕੇ ਤਹਿ ਕੀਤਾ । ਪਰਧਾਨ ਨਰਿੰਦਰ ਸਿੰਘ ਧੁੱਗਾ ਹੁਰਾਂ ਨੇ ਤਕਰੀਬਨ 165 ਮੈਂਬਰਾਂ ਅਤੇ ਪਹੁੰਚੇ ਮਹਿਮਾਨਾ ਦਾ ਸਵਾਗਤ ਕੀਤਾ । 12 ਵਜੇ ਰੌਇਲ ਇੰਡੀਆ ਸਵੀਟਸ, ਬਰੈਮਟਨ ਦਾ ਗਰਮੋ ਗਰਮ ਖਾਣਾ ਵਰਤਾਇਆ ਗਿਆ ਜੋ ਸੱਭ ਨੇ ਬਹੁਤ ਪਸੰਦ ਕੀਤਾ । ਸੱਬ ਨੇਂ ਪਾਰਕ ਅਤੇ ਨਿਆਗਰਾਫਾਲਯ ਦੇ ਨਾਲ ਨਾਲ ਬਣੀ ਪੱਟੀ ਤੇ ਸੈਰ ਸਪਾਟਾ ਕਰਕੇ ਖੂਬ ਆਨੰਦ ਮਾਣਿਆ। ਅਰੁਨ ਗਾਂਧੀ ਹੁਰੀਂ ਕਰਿਕਟ ਸੈਟ ਲੈਕੇ ਆਏ ਸੰਨ ਅਤੇ ਇਛੱਾਵਾਨ ਖਿਡਾਰੀਆਂ ਨੇਂ ਕਰਿਕਟ ਦਾ ਆਨੰਦ ਮਾਣਿਆ।

1.30 ਵਜੇ ਬੱਸਾਂ ਵਿੱਚ ਸਵਾਰ ਹੋਕੇ ਸੱਭ ਫੌਲਸ ਲਈ ਰਵਾਣਾ ਹੋਏ ਅਤੇ ਡੇੜ ਘੰਟਾ ਉੱਥੇ ਆਨੰਦ ਮਾਣਿਆ । ਇਸ ਅਚੂਬੇ ਨੂੰ ਦੇਖ ਕੇ ਕਿਸੇ ਨੇਂ ਸੱਚ ਹੀ ਲਿਖਿਆ ਹੈ ਕਿ ਇਹ ਦੁਨੀਆਂ ਦਾ ਹਨੀਮੂੰਨ ਕੈਪੀਟਲ ਹੈ । 3 ਵਜੇ ਦੇ ਕਰੀਬ ਵਾਪਸ ਆਕੇ ਗਰਮੋ ਗਰਮ ਮਸਾਲੇ ਵਾਲੀ ਚਾਹ ਦੇ ਨਾਲ ਢੇਰ ਸਾਰੀ ਮਠਿਆਈ ਵਰਤਾਈ ਗਈ ਅਤੇ ਜੁਲਾਈ ਅਤੇ ਅਗਸਤ ਮਹੀਨੇਂ ਵਿੱਚ ਆਉਂਦੇ ਸੀਨੀਅਰਜ਼ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਕੇਕ ਕਟਿੱਆ ਗਿਆ। ਇਹ ਕੇਕ ਮਾਣਯੋਗ ਸੁਖਪਾਲ ਜੀ, ਤੇਜਵੰਤ ਜੀ ਅਤੇ ਬਲਵੀਰ ਜੀ ਹੁਰਾਂ ਨੇ ਆਪਣੇ ਹੱਥੀਂ ਤਿਆਰ ਕੀਤਾ ਸੀ ।ਗੁਰਬਚਨ, ਉਸ਼ਾ ਅਤੇ ਜੀਤ ਪਾਲ ਨੇ ਗਰਮੋ ਗਰਮ ਮਸਾਲੇ ਵਾਲੀ ਚਾਹ ਤਿਆਰ ਕੀਤੀ ।5 ਵਜੇਸ਼ਾਮ ਸੱਭ ਬੱਸਾਂ ਵਿੱਚ ਸਵਾਰ ਹੋਕੇ ਫਲੋਰਲ ਘੜੀ ਜੋ ਫੌਲਸ ਤੋਂ 10 ਕੁ ਕਿਲੋਮੀਟਰ ਲਹਿੰਦੇ ਵਿੱਚ ਹੈ, ਪਹੁੰਚੇ । ਉੱਥੇ ਸੁਮੇਸ਼ਨੰਦਾ ਜੀ ਜੋ ਸੰਸਥਾ ਦੇ ਫੋਟੋਗਰਾਫਰ ਹਨ, ਫੋਟੋ ਖਿੱਚ ਕੇ ਖੂਬ ਜੌਹਰ ਦਿਖਾਏ।

6 ਵਜੇ ਫੌਲਜ਼ ਨੂੰ ਅਲਵਿਦਾ ਕਹਿੰਦੇ ਹੋਏ ਇਹ ਤਿੰਨ ਬੱਸਾਂ ਦਾ ਕਾਫਲਾ ਵਾਪਸ ਮਿਸਿਸਸਾਗਾ ਖੁਸ਼ੀ ਖੁਸ਼ੀ ਪਰਤਿਆ । ਓਨਟਾਰੀਉ ਦੀ ਇਸ ਪਰੀਮੀਅਰ ਸੰਸਥਾ ਦਾ ਸੱਭ ਨੂੰ ਮਾਣ ਹੈ, ਜੋ ਸਮੇਂ ਸਮੇਂ ਸਿਰ ਆਪਣੇ ਮੈਂਮਬਰਜ਼ ਖਾਤਰ ਇਹੋ ਜਿਹੇ ਪਰੋਗਰਾਮ ਉਲੀਕਦਾ ਰਹਿੰਦਾ ਹੈ । ਸਾਨੂੰ ਮਾਣ ਹੈ ਆਪਣੀ ਵੌਲੰਟੀਅਰ ਟੀਮ ਤੇ ਜੋ ਅਣਥੱਕ ਮਿਹਨਤ ਕਰਦੇ ਹਨ । ਇਸ ਪਿਕਨਿਕ ਦੀ ਸਫਲਤਾ ਵਿਚ ਮਾਧਵੀ ਅਤੇ ਛਾਇਆ ਦਾ ਬਹੁਤ ਯੋਗਦਾਨ ਹੈ।ਹੋਰ ਜਾਣਕਾਰੀ ਲਈ ਕਲਬ ਦੇ ਪ੍ਰਧਾਨ ਨਰਿੰਦਰ ਧੁਗਾ ਨੂੰ 416-985-5336 'ਤੇ ਸੰਪਰਕ ਕੀਤਾ ਜਾ ਸਕਦਾ ਹੈ।



# ਅਕੈਡਮਿਕ ਕਾਲਿਜਜ਼ ਗਰੁੱਪ ਸਟ੍ਰਾਥਐਲਨ ਵਿਖੇ 'ਕਲਚਰਲ ਵੀਕ' 'ਚ ਪਹਿਲੀ ਵਾਰ ਸਜੀਆਂ ਦਸਤਾਰਾਂ

## ਕਾਲਜ ਦੇ ਪ੍ਰਿੰਸੀਪਲ ਸਮੇਤ ਕਈ ਅਧਿਆਪਕਾਂ ਨੇ ਬੰਨ੍ਹਾਈਆਂ ਪੱਗਾਂ



ਔਕਲੈਂਡ 28 ਅਗਸਤ (ਹਰਜਿੰਦਰ ਸਿੰਘ ਬਸਿਆਲਾ)- ਸਾਊਥ ਔਕਲੈਂਡ ਦਾ ਉਚ ਸ਼੍ਰੇਣੀ ਦਾ ਸਕੂਲ ਅਤੇ ਕਾਲਜ ਜਿਸ ਨੂੰ 'ਏ.ਸੀ.ਜੀ. ਸਟ੍ਰਾਥਐਲਨ' (ਅਕੈਡਮਿਕ ਕਾਲਿਜ਼ ਗਰੁਪ) ਦੇ ਨਾਂਅ ਨਾਲ ਜਾਣਿਆ ਜਾਂਦਾ ਹੈ ਅਤੇ ਇਥੇ ਲਗਪਗ 800 ਤੋਂ ਉਪਰ ਵਿਦਿਆਰਥੀ ਪੜ੍ਹਦੇ ਹਨ, ਵਿਖੇ ਪਹਿਲੀ ਵਾਰ ਬੱਚਿਆਂ ਦੇ ਦਸਤਾਰਾਂ ਸਜਾਈਆਂ ਗਈਆਂ . ਦਰਅਸਲ ਇਸ ਹਫਤੇ ਨੂੰ ਉਸ ਸਕੂਲ ਦੇ ਵਿਚ 'ਐਕਟੀਵਿਟੀਜ਼ ਐਂਡ ਕਲਚਰਲ ਵੀਕ' ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ . ਸ਼ਾਬਾਸ਼ ਹੈ ਸਾਬਕਾ ਵਿਦਿਆਰਥੀ ਗੁਰਨੇਕ ਸਿੰਘ ਅਤੇ ਸਾਲ 13 ਦਾ ਵਿਦਿਆਰਥੀ ਅੰਮ੍ਰਿਪਾਲ ਸਿੰਘ ਦੇ ਜਿਨਾਂ ਨੇ ਸਕੂਲ ਪ੍ਰਬੰਧਕਾਂ ਨਾਲ ਗੱਲ ਕਰਕੇ ਇਸ ਦਸਤਾਰ ਬੰਦੀ ਐਕਟੀਵਿਟੀ ਨੂੰ ਸਿਰੇ ਚਾੜ ਲਿਆ . ਸ. ਕੁਲਦੀਪ ਸਿੰਘ ਰਾਜਾ-ਸ੍ਰੀਮਤੀ ਅਰਵਿੰਦਰ ਕੌਰ , ਸ. ਮੰਦੀਪ ਸਿੰਘ-ਸ੍ਰੀਮਤੀ ਚਰਨਜੀਤ ਕੌਰ, ਸ. ਲਖਵਿੰਦਰ ਸਿੰਘ ਤੇ ਮਨਿੰਦਰ ਸਿੰਘ ਨਰੂਲਾ ਨੇ ਇਸ ਮੌਕੇ 4 ਪੱਗਾਂ ਦੇ ਥਾਨ ਲਗਪਗ 200 ਮੀਟਰ ਪੱਗਾਂ ਦਾ ਕੱਪੜਾ 40-45 ਬੱਚਿਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਦੇ ਸਿਰਾਂ ਉਤੇ ਸਜਾਇਆ . ਕਾਲਜ ਦੇ ਪ੍ਰਿੰਸੀਪਲ ਸ੍ਰੀ ਡੈਨੀ ਓ ਕੂਨੋਰ, ਅਸਿਸਟੈਂਟ ਪ੍ਰਿੰਸੀਪਲ ਅਲਾਈਸ ਹਮਿਲਟਨ, ਅਤੇ ਡਰਾਮਾ ਟੀਚਰ ਚਾਰਲੈਟ ਟਿਲਡੇਸਲੇ ਨੇ ਵੀ ਪੱਗਾਂ ਬੰਨ੍ਹ ਕੇ ਖੁਸ਼ੀ ਦਾ ਇਜ਼ਹਾਰ ਕੀਤਾ . ਦੁਪਹਿਰ 1 ਵਜੇ ਤੋਂ 2.30 ਵਜੇ ਤੱਕ ਦਸਤਾਰ ਬੰਦੀ ਦੇ ਰਾਹੀਂ ਵੱਖ-ਵੱਖ ਕੌਮਾਂ ਦੇ ਲੋਕਾਂ ਨੂੰ ਦਸਤਾਰ ਦੀ ਮਹਾਨਤਾ ਦੱਸੀ ਗਈ . ਵੱਖ-ਵੱਖ ਰੰਗਾਂ ਦੀਆਂ ਪੱਗਾਂ ਜਦੋਂ ਗੋਰੇ ਚਿੱਟੇ ਮੁਖੜਿਆਂ ਉਤੇ ਸਜੀਆਂ ਦਾ ਬੱਚਿਆਂ ਦੀ ਸੁੰਦਰਤਾ ਨੂੰ ਚਾਰ ਚੰਨ ਲੱਗ ਗਏ। ਪੱਗਾਂ ਸਜਾਉਣ ਵੇਲੇ ਮੇਲਾ ਲੱਗਿਆ ਰਿਹਾ, ਬੱਚੇ ਲਾਈਨ ਵਿਚ ਲੱਗ ਗਏ ਕਿ ਉਨ੍ਹਾਂ ਦੀ ਵਾਰੀ ਕਦੋਂ ਆਵੇਗੀ . ਪੰਜਾਬੀ ਨੌਜਵਾਨ ਢੋਲ ਵੀ ਲੈ ਕੇ ਗਏ ਸਨ ਅਤੇ ਪੰਜਾਬੀ ਗੀਤ ਵੀ ਮਨੋਰੰਜਨ ਦੇ ਉਦੇਸ਼ ਨਾਲ ਵਜਾਏ ਗਏ . ਕਾਲਜ ਦੇ ਵਿਚ ਅਜਿਹਾ ਮਾਹੌਲ ਪਹਿਲੀ ਵਾਰ ਬਣਿਆ ਸਕੂਲ ਦੇ ਅਧਿਆਪਕ ਅਤੇ ਬੱਚੇ ਕਾਫੀ ਖੁਸ਼ ਨਜ਼ਰ ਆਏ।



# ਹਰਿਆਣਾ ਦੇ ਕਾਂਗਰਸੀ ਆਗੂ ਕੁਲਦੀਪ ਬਿਸ਼ਨੋਈ ਦਾ 150 ਕਰੋੜ ਰੁਪਏ ਦਾ ਬੇਨਾਮੀ ਹੋਟਲ ਜ਼ਬਤ

ਨਵੀਂ ਦਿੱਲੀ, 28 ਅਗਸਤ (ਪੋਸਟ ਬਿਊਰੋ)- ਇਨਕਮ ਟੈਕਸ ਵਿਭਾਗ ਨੇ ਹਰਿਆਣਾ ਦੇ ਕਾਂਗਰਸੀ ਆਗੂ ਕੁਲਦੀਪ ਬਿਸ਼ਨੋਈ ਅਤੇ ਉਸ ਦੇ ਭਰਾ ਦੇ ਗੁੜਗਾਓਂ ਵਾਲੇ ਹੋਟਲ ਨੂੰ ਬੇਨਾਮੀ ਜਾਇਦਾਦ ਵਜੋਂ ਜ਼ਬਤ ਕਰ ਲਿਆ ਹੈ। ਇਹ ਹੋਟਲ ਮਹਿੰਗੇ ਕਾਰੋਬਾਰੀ ਇਲਾਕੇ ਵਿੱਚ ਹੈ ਅਤੇ ਇਸ ਦੀ ਕੀਮਤ 150 ਕਰੋੜ ਰੁਪਏ ਤੈਅ ਕੀਤੀ ਗਈ ਹੈ। ਸੀਨੀਅਰ ਅਧਿਕਾਰੀਆਂ ਨੇ ਦੱਸਿਆ ਕਿ ਇਹ ਕਾਰਵਾਈ ਬੇਨਾਮੀ ਸੰਪਤੀ ਵਿਰੋਧੀ ਕਾਨੂੰਨ ਹੇਠ ਕੀਤੀ ਗਈ ਹੈ ਅਤੇ ਜ਼ਬਤ ਕੀਤੀ ਬਰਾਈਟ ਸਟਾਰ ਹੋਟਲ ਪ੍ਰਾਈਵੇਟ ਲਿਮਟਿਡ ਦੀ ਪ੍ਰਾਪਰਟੀ ਦੀ ਪਛਾਣ ਬ੍ਰਿਸਟਲ ਹੋਟਲ ਵਜੋਂ ਕੀਤੀ ਗਈ ਹੈ, ਜਿਹੜਾ ਡੀ ਐੱਲ ਐੱਫ ਫੇਜ਼-1 ਵਿੱਚ ਪੈਂਦਾ ਹੈ। ਵਿਭਾਗ ਨੇ ਜਾਂਚ ਦੌਰਾਨ 23 ਜੁਲਾਈ ਨੂੰ ਹਰਿਆਣਾ, ਦਿੱਲੀ ਅਤੇ ਹਿਮਾਚਲ ਪ੍ਰਦੇਸ਼ ਵਿੱਚ ਬਿਸ਼ਨੋਈ ਦੇ 13 ਟਿਕਾਣਿਆਂ 'ਤੇ ਛਾਪੇ ਮਾਰੇ ਸਨ।

ਇਨਕਮ ਟੈਕਸ ਵਿਭਾਗ ਦੇ ਮੁਤਾਬਕ ਜਾਂਚ ਵਿੱਚ ਪਤਾ ਲੱਗਾ ਕਿ ਜ਼ਬਤ ਕੀਤੀ ਕੰਪਨੀ ਵਿੱਚ 34 ਫੀਸਦੀ ਹਿੱਸਾ ਉਸ ਜਾਅਲੀ ਕੰਪਨੀ ਦਾ ਹੈ, ਜਿਹੜੀ ਟੈਕਸ ਚੋਰਾਂ ਨੂੰ ਠਾਹਰ ਮੰਨੇ ਜਾਂਦੇ ਬ੍ਰਿਟਿਸ਼ ਵਰਜ਼ਿਨ ਆਈਲੈਂਡ ਵਿੱਚ ਰਜਿਸਟਰਡ ਹੈ ਅਤੇ ਇਸ ਨੂੰ ਯੂ ਏ ਈ ਤੋਂ ਚਲਾਇਆ ਜਾਂਦਾ ਹੈ। ਅਧਿਕਾਰੀਆਂ ਨੇ ਕਿਹਾ ਕਿ ਹੋਟਲ ਦਾ ਮਾਲਕੀ ਹੱਕ ਰੱਖਦੀ ਕੰਪਨੀ ਅਤੇ ਉਸ ਦੀ ਮਾਲਕੀ ਵਾਲੇ ਹੋਟਲ ਅਸਲ ਵਿੱਚ ਕੁਲਦੀਪ ਬਿਸ਼ਨੋਈ ਅਤੇ ਚੰਦਰ ਮੋਹਨ (ਬਿਸ਼ਨੋਈ ਦਾ ਭਰਾ) ਦੀਆਂ ਬੇਨਾਮੀ ਜਾਇਦਾਦਾਂ ਹਨ। 'ਬੇਨਾਮੀ ਜਾਇਦਾਦ' ਉਸ ਨੂੰ ਕਿਹਾ ਜਾਂਦਾ ਹੈ ਜਿਸ ਦਾ ਅਸਲ ਲਾਭ ਪਾਤਰੀ ਉਹ ਨਹੀਂ ਹੁੰਦਾ, ਜਿਸ ਦੇ ਨਾਂਅ ਰਜਿਸਟਰਡ ਹੁੰਦੀ ਹੈ। ਦੋਵੇਂ ਭਰਾ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਭਜਨ ਲਾਲ ਦੇ ਬੇਟੇ ਹਨ। ਕੁਲਦੀਪ ਬਿਸ਼ਨੋਈ ਇਸ ਵਕਤ ਹਰਿਆਣਾ ਦੇ ਆਦਮਪੁਰ ਹਲਕੇ ਤੋਂ ਕਾਂਗਰਸ ਦਾ ਵਿਧਾਇਕ ਹੈ ਅਤੇ ਉਸ ਦਾ ਭਰਾ ਚੰਦਰ ਮੋਹਨ ਇਸ ਰਾਜ ਦਾ ਸਾਬਕਾ ਉਪ ਮੁੱਖ ਮੰਤਰੀ ਹੈ।

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

Sant Rampal Ji Maharaj Spiritual Discourse in Brampton on Sunday, September 1, 2019 from 10 am to 12pm

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005

Century 21 President Realty Inc Brokerage Independently Owned and Operated
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

# ਪਕਿਸਤਾਨੀ ਜਨਰਲ ਬਾਜਵਾ ਦੇ ਕਾਰਜਕਾਲ 'ਚ ਵਾਧੇ ਦਾ ਮਤਲਬ

-ਸੰਜੀਵ ਪਾਂਡੇ-

ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਦੇ ਕਾਰਜਕਾਲ ਵਿੱਚ ਤਿੰਨ ਸਾਲ ਵਾਧਾ ਕਰ ਦਿੱਤਾ ਗਿਆ ਹੈ। ਜਨਰਲ ਪਰਵੇਜ਼ ਕਿਆਨੀ ਤੋਂ ਬਾਅਦ ਬਾਜਵਾ ਹੀ ਖੁਸ਼ਕਿਸਮਤ ਹੈ, ਜਿਸ ਨੂੰ ਤਿੰਨ ਸਾਲ ਦਾ ਵਾਧਾ ਮਿਲਿਆ ਹੈ। ਕਿਆਨੀ ਨੂੰ ਪਾਕਿਸਤਾਨ ਪੀਪਲਜ਼ ਪਾਰਟੀ ਦੀ ਹਕੂਮਤ ਨੇ ਵਾਧਾ ਦਿੱਤਾ ਸੀ। ਬਾਜਵਾ ਨੂੰ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ ਟੀ ਆਈ) ਸਰਕਾਰ ਨੇ ਵਾਧਾ ਦਿੱਤਾ ਹੈ। ਵਾਧਾ ਮਿਲਣ ਤੋਂ ਪਹਿਲਾਂ ਜਨਰਲ ਬਾਜਵਾ ਨੇ ਬ੍ਰਿਟੇਨ ਦਾ ਦੌਰਾ ਕੀਤਾ ਤੇ ਫਿਰ ਦੇਸ਼ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨਾਲ ਅਮਰੀਕਾ ਗਿਆ। ਉਥੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਇਮਰਾਨ ਖਾਨ ਦੀ ਗੱਲਬਾਤ ਦੌਰਾਨ ਬਾਜਵਾ ਦੀ ਪੂਰੀ ਸਰਗਰਮੀ ਦੇਖਣ ਨੂੰ ਮਿਲੀ। ਓਦੋਂ ਸਾਫ ਹੋ ਗਿਆ ਸੀ ਕਿ ਬਾਜਵਾ ਦਾ ਕਾਰਜਕਾਲ ਹਰ ਹਾਲਤ ਵਿੱਚ ਵਧੇਗਾ।

ਹਕੀਕਤ ਇਹ ਹੈ ਕਿ ਅਮਰੀਕਾ, ਬ੍ਰਿਟੇਨ ਅਤੇ ਨਾਟੋ ਲਈ ਇਸ ਸਮੇਂ ਇਮਰਾਨ ਖਾਨ ਨਾਲੋਂ ਵੱਧ ਅਹਿਮੀਅਤ ਜਨਰਲ ਬਾਜਵਾ ਦੀ ਹੈ, ਕਿਉਂਕਿ ਅਫਗਾਨ ਤਾਲਿਬਾਨ ਅਤੇ ਅਮਰੀਕਾ ਵਿਚਾਲੇ ਅਮਨ ਵਾਰਤਾ ਆਖਰੀ ਦੌਰ ਵਿੱਚ ਹੈ ਤੇ ਇਸ ਅਮਨ ਵਾਰਤਾ ਦੀ ਗਾਰੰਟੀ ਇਮਰਾਨ ਖਾਨ ਨਹੀਂ, ਸਗੋਂ ਪਾਕਿਸਤਾਨ ਦੀ ਫੌਜ ਨੇ ਦੇਣੀ ਹੈ। ਅਫਗਾਨ ਤਾਲਿਬਾਨ ਦੇ ਵਧੇਰੇ ਕਮਾਂਡਰ ਪਾਕਿ ਫੌਜ ਜਾਂ ਇਰਾਨੀ ਰੈਵੋਲਿਊਸ਼ਨਰੀ ਗਾਰਡਜ਼ ਦੇ ਇਸ਼ਾਰੇ ਸਮਝਦੇ ਹਨ। ਇਸ ਕਾਰਨ ਬਾਜਵਾ ਦੀ ਅਮਰੀਕਾ ਫੇਰੀ ਨੇ ਉਸ ਦੇ ਕਾਰਜਕਾਲ ਦੇ ਵਾਧੇ ਉਤੇ ਮੋਹਰ ਲਾ ਦਿੱਤੀ ਸੀ।

ਅਮਰੀਕਾ ਲਈ ਇਸ ਵੇਲੇ ਜਨਰਲ ਬਾਜਵਾ ਠੀਕ ਉਸੇ ਤਰ੍ਹਾਂ ਅਹਿਮੀਅਤ ਰੱਖਦਾ ਹੈ, ਜਿਵੇਂ ਕਿਸੇ ਸਮੇਂ ਜਨਰਲ ਪਰਵੇਜ਼ ਮੁਸ਼ੱਰਫ ਸੀ। ਉਂਜ ਬਾਜਵਾ ਦੇ ਕਾਰਜਕਾਲ ਵਿੱਚ ਵਾਧੇ ਤੋਂ ਭਾਰਤ ਨੂੰ ਖਾਸ ਫਰਕ ਨਹੀਂ ਪਵੇਗਾ, ਕਿਉਂਕਿ ਉਸ ਦੀਆਂ ਕੁਝ ਤਰਜੀਹਾਂ ਛੱਡ ਦੇਈਏ ਤਾਂ ਭਾਰਤ ਪ੍ਰਤੀ ਬਾਜਵਾ ਦਾ ਨਜ਼ਰੀਆ ਉਹੋ ਹੈ, ਜਿਹੜਾ ਪਹਿਲੇ ਫੌਜੀ ਮੁਖੀਆਂ ਦਾ ਸੀ, ਪਰ ਬਾਜਵਾ ਦੀ ਤੁਲਨਾ ਮੁਸ਼ੱਰਫ ਨਾਲ ਇਸ ਲਈ ਕੀਤੀ ਜਾ ਸਕਦੀ ਹੈ, ਕਿਉਂਕਿ ਅਫਗਾਨ ਜੰਗ ਦੇ ਸ਼ੁਰੂਆਤ ਸਮੇਂ ਅਮਰੀਕਾ ਲਈ ਪਰਵੇਜ਼ ਮੁਸ਼ੱਰਫ ਖਾਸ ਸੀ। ਉਸ ਸਮੇਂ ਅਮਰੀਕਾ ਨੇ ਅਫਗਾਨਿਸਤਾਨ ਵਿੱਚ ਤਾਲਿਬਾਨ ਦੇ ਸਫਾਏ ਲਈ ਮੁਸ਼ੱਰਫ ਤੋਂ ਕਾਫੀ ਮਦਦ ਲਈ ਤੇ ਉਸ ਨੇ ਆਪਣੀ ਹੱਦ ਤੋਂ ਬਾਹਰ ਜਾ ਕੇ ਅਮਰੀਕਾ ਦੀ ਮਦਦ ਕੀਤੀ। ਫੌਜ ਦੇ ਕਈ ਜਨਰੈਲ ਮੁਸ਼ੱਰਫ ਤੋਂ ਨਾਰਾਜ਼ ਵੀ ਹੋਏ। ਅੱਜ ਜਦੋਂ ਅਮਰੀਕਾ, ਅਫਗਾਨਿਸਤਾਨ ਵਿੱਚ ਸ਼ਾਂਤੀ ਬਹਾਲੀ ਦੀ ਕੋਸ਼ਿਸ਼ ਵਿੱਚ ਹੈ ਤੇ ਇਸ ਬਾਰੇ ਗੱਲਬਾਤ ਚੱਲ ਰਹੀ ਹੈ ਤਾਂ ਮੁੜ ਪਾਕਿਸਤਾਨੀ ਫੌਜ ਦੇ ਮੁਖੀ ਦੀ ਮੁਸ਼ੱਰਫ ਵਾਂਗ ਲੋੜ ਪੈ ਗਈ ਹੈ, ਕਿਉਂਕਿ ਅਮਨ ਵਾਰਤਾ ਵੀ ਪਾਕਿਸਤਾਨੀ ਫੌਜ ਦੇ ਸਹਿਯੋਗ ਬਿਨਾ ਸਫਲ ਨਹੀਂ ਹੋ ਸਕਦੀ।

ਬਾਜਵਾ ਨੂੰ ਫੌਜ ਦਾ ਮੁਖੀ ਨਵਾਜ਼ ਸ਼ਰੀਫ ਨੇ ਬਣਾਇਆ ਸੀ। ਨਵਾਜ਼ ਤਿੰਨ ਵਾਰ ਦੇਸ਼ ਦਾ ਪ੍ਰਧਾਨ ਮੰਤਰੀ ਰਿਹਾ ਤੇ ਉਸ ਨੂੰ ਕਈ ਫੌਜੀ ਮੁਖੀਆਂ ਦੀ ਨਿਯੁਕਤੀ ਕਰਨ ਦਾ ਮੌਕਾ ਮਿ-ਲਿਆ। ਉਸ ਨੇ ਆਸਿਫ ਨਵਾਜ਼ ਜੰਜੂਆ ਨੂੰ ਫੌਜ ਦਾ ਮੁਖੀ ਲਾਇਆ। ਉਸ ਨੇ ਪਰਵੇਜ਼ ਮੁਸ਼ੱਰਫ ਨੂੰ ਵੀ ਫੌਜੀ ਮੁਖੀ ਲਾਇਆ ਅਤੇ ਰਹੀਲ ਸ਼ਰੀਫ ਨੂੰ ਵੀ। ਇਹ ਗੱਲ ਵੱਖਰੀ ਹੈ ਕਿ ਫੌਜ ਦੇ ਹਰ ਮੁਖੀ ਨੇ ਨਵਾਜ਼ ਸ਼ਰੀਫ ਨੂੰ ਅੱਖਾਂ ਦਿਖਾਈਆਂ, ਪਰ ਸ਼ਰੀਫ ਵੀ ਪਾਕਿਸਤਾਨੀ ਫੌਜ ਦੀ ਉਪਜ ਸੀ। ਉਸ ਨੂੰ ਜਨਰਲ ਜ਼ਿਆ ਉਲ ਹੱਕ ਨੇ ਲਹਿੰਦੇ ਪੰਜਾਬ ਦੀ ਸਿਆਸਤ ਵਿੱਚ ਪੱਕੇ ਪੈਰੀਂ ਕੀਤਾ, ਇਸ ਦੇ ਬਾਵਜੂਦ ਨਵਾਜ਼ ਸ਼ਰੀਫ ਨੂੰ ਫੌਜ ਦਾ ਬੰਦਾ ਨਹੀਂ ਕਿਹਾ ਗਿਆ। ਦੂਜੇ ਪਾਸੇ ਇਮਰਾਨ ਖਾਨ ਨੂੰ ਪਾਕਿਸਤਾਨ ਵਿੱਚ ਖੁੱਲ੍ਹ ਕੇ ਫੌਜ ਦਾ ਬੰਦਾ ਕਿਹਾ ਜਾਂਦਾ ਹੈ। ਨਵਾਜ਼ ਸ਼ਰੀਫ ਦੀ ਕੋਸ਼ਿਸ਼ ਰਹੀ ਸੀ ਕਿ ਆਪਣਾ ਫੌਜ ਮੁਖੀ ਬਣਾ ਕੇ ਫੌਜ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਜਾਵੇ, ਪਰ ਉਸ ਨੂੰ ਕਾਮਯਾਬੀ ਨਹੀਂ ਮਿਲੀ। ਪਰਵੇਜ਼ ਮੁਸ਼ੱਰਫ ਨੇ ਤਾਂ ਉਸ ਨੂੰ ਜੇਲ੍ਹ ਵਿੱਚ ਵੀ ਸੁੱਟ ਦਿੱਤਾ ਸੀ।



ਇਮਰਾਨ ਖਾਨ ਕਿਉਂਕਿ ਫੌਜ ਦੀ ਹਮਾਇਤ ਨਾਲ ਸੱਤਾ ਵਿੱਚ ਆਇਆ, ਇਸ ਕਾਰਨ ਉਸ ਲਈ ਬਾਜਵਾ ਨਾਲ ਟੱਕਰ ਲੈਣੀ ਮੁਸ਼ਕਲ ਸੀ ਅਤੇ ਜਨਰਲ ਬਾਜਵਾ ਨੂੰ ਕਾਰਜਕਾਲ ਦਾ ਵਾਧਾ ਮਿਲਣਾ ਤੈਅ ਸੀ। ਇਮਰਾਨ ਖਾਨ ਫੌਜ ਨਾਲ ਟਕਰਾਅ ਵਿੱਚ ਨਹੀਂ ਪੈ ਸਕਦਾ। ਬਾਜਵਾ ਨੇ ਫੌਜ ਅੰਦਰ ਆਪਣੀ ਪਕੜ ਕਾਫੀ ਮਜ਼ਬੂਤ ਕਰ ਲਈ ਹੈ। ਉਹਨੇ ਬੀਤੇ ਦੋ ਸਾਲਾਂ ਦੌਰਾਨ ਫੌਜ ਦੇ ਅੰਦਰੂਨੀ ਢਾਂਚੇ ਉਤੇ ਪੈਂਠ ਬਣਾਈ ਅਤੇ ਪਿੱਛੇ ਜਿਹੇ ਆਈ ਐਸ ਆਈ ਦਾ ਮੁਖੀ ਵੀ ਬਦਲ ਦਿੱਤਾ ਸੀ। ਗੌਰਤਲਬ ਹੈ ਕਿ ਪਾਕਿਸਤਾਨੀ ਫੌਜ ਵਿੱਚ ਆਈ ਐਸ ਆਈ ਦਾ ਮੁਖੀ ਦਾ ਕਾਫੀ ਅਹਿਮ ਹੁੰਦਾ ਹੈ। ਫੌਜ ਦਾ ਮੁਖੀ ਆਪਣੇ ਕਿਸੇ ਖਾਸ ਅਫਸਰ ਨੂੰ ਆਈ ਐਸ ਆਈ ਦਾ ਮੁਖੀ ਲਾਉਂਦਾ ਹੈ, ਪਰ ਉਸ ਨੂੰ ਹਮੇਸ਼ਾ ਡਰ ਰਹਿੰਦਾ ਹੈ ਕਿ ਆਈ ਐਸ ਆਈ ਦਾ ਮੁਖੀ ਕਿਤੇ ਉਸ ਦੇ ਬਰਾਬਰ ਕੋਈ ਖੇਡ ਨਾ ਖੇਡੇ। ਇਹੋ ਖੇਡ ਪਰਵੇਜ਼ ਮੁਸ਼ੱਰਫ ਦੇ ਸਮੇਂ ਹੋਈ ਸੀ। ਜਦੋਂ ਮੁਸ਼ੱਰਫ ਫੌਜ ਦਾ ਮੁਖੀ ਹੁੰਦਾ ਸੀ ਤਾਂ ਨਵਾਜ਼ ਨੇ ਉਸ ਉਤੇ ਕੰਟਰੋਲ ਲਈ ਆਪਣੀ ਬਿਰਾਦਰੀ ਦੇ ਲੈਫਟੀਨੈਂਟ ਜਨਰਲ ਜ਼ਿਆਊਦੀਨ ਬੱਟ ਨੂੰ ਆਈ ਐਸ ਆਈ ਦਾ ਮੁਖੀ ਲਾ ਦਿੱਤਾ ਸੀ। ਬਾਅਦ ਵਿੱਚ ਜਦੋਂ ਮੁਸ਼ੱਰਫ ਤਖਤਾ ਉਲਟਾ ਰਿਹਾ ਸੀ ਤਾਂ ਨਵਾਜ਼ ਨੇ ਬੱਟ ਨੂੰ ਫੌਜੀ ਮੁਖੀ ਲਾਉਣ ਦਾ ਐਲਾਨ ਕਰ ਦਿੱਤਾ ਸੀ।

ਬਾਜਵਾ ਜਦੋਂ ਫੌਜ ਦਾ ਮੁਖੀ ਬਣਿਆ ਤਾਂ ਉਸ ਨੇ ਲੈਫਟੀਨੈਂਟ ਜਨਰਲ ਨਾਵੇਦ ਮੁਖਤਾਰ ਨੂੰ ਆਈ ਐਸ ਆਈ ਦਾ ਮੁਖੀ ਲਾਇਆ। ਨਾਵੇਦ ਮੁਖਤਾਰ ਨਨਕਾਣਾ ਸਾਹਿਬ ਦੇ ਅਰਾਈ ਪਰਵਾਰ ਨਾਲ ਸਬੰਧਤ ਸੀ ਜਿਸ ਨਾਲ ਬਾਜਵਾ ਦੀ ਚੰਗੀ ਨਿਭੀ। ਮੁਖਤਾਰ ਦੀ ਰਿਟਾਇਰਮੈਂਟ ਪਿੱਛੋਂ ਬਾਜਵਾ ਨੇ ਲੈਫਟੀਨੈਂਟ ਜਨਰਲ ਅਸੀਮ ਮੁਨੀਰ ਨੂੰ ਆਈ ਐਸ ਆਈ ਦਾ ਮੁਖੀ ਲਾਇਆ, ਪਰ ਮੁਨੀਰ ਨਾਲ ਬਾਜਵਾ ਦੀ ਨਾ ਬਣੀ ਤੇ ਉਸ ਨੇ ਮੁਨੀਰ ਨੂੰ ਹਟਾ ਕੇ ਲੈਫਟੀਨੈਂਟ ਜਨਰਲ ਫੈਜ਼ ਹਾਮਿਦ ਨੂੰ ਆਈ ਐਸ ਆਈ ਦਾ ਮੁਖੀ ਲਾ ਦਿੱਤਾ ਤਾਂ ਕਿ ਉਹਦੇ ਕਾਰਜਕਾਰ ਵਾਧੇ ਵਿੱਚ ਕੋਈ ਅੜਿੱਕਾ ਨਾ ਪਵੇ।

ਪਾਕਿਸਤਾਨੀ ਫੌਜ ਦੇ ਅੰਦਰ ਨਸਲੀ ਪਛਾਣ ਦੀ ਸਿਆਸਤ ਚੱਲਦੀ ਹੈ। ਫੌਜ ਵਿੱਚ ਵੱਡੇ ਅਹੁਦਿਆਂ ਦੀ ਨਿਯੁਕਤੀ ਲਈ ਨਸਲੀ ਪਿਛੋਕੜ ਦਾ ਮਹੱਤਵ ਹੁੰਦਾ ਹੈ। ਪਾਕਿਸਤਾਨੀ ਫੌਜ ਵਿੱਚ ਬਹੁਗਿਣਤੀ ਪੰਜਾਬੀਆਂ ਦੀ ਹੈ ਜੋ 60 ਫੀਸਦੀ ਦੇ ਕਰੀਬ ਹਨ। ਦਿਲਚਸਪ ਗੱਲ ਇਹ ਹੈ ਕਿ ਪਖਤੂਨਾਂ ਨੇ ਪੰਜਾਬੀਆਂ ਤੋਂ ਘੱਟ ਗਿਣਤੀ ਹੋਣ ਦੇ ਬਾਵਜੂਦ ਪਾਕਿਸਤਾਨੀ ਫੌਜ ਉਤੇ ਰਾਜ ਕੀਤਾ ਹੈ। ਪਖਤੂਨ ਲੰਮਾ ਸਮੇਂ ਫੌਜ ਦੇ ਸਿਖਰਲੇ ਅਹੁਦਿਆਂ ਉਤੇ ਰਹੇ। ਕਮਾਂਡਰ ਇਨ ਚੀਫ ਦੇ ਅਹੁਦੇ ਉਤੇ ਅਯੂਬ ਖਾਨ ਅਤੇ ਯਾਹੀਆ ਖਾਨ ਰਹੇ, ਜੋ ਦੋਵੇਂ ਪਖਤੂਨ ਸਨ। ਫੌਜੀ ਮੁਖੀ ਦੇ ਅਹੁਦੇ ਉਤੇ ਜਹਾਂਗੀਰ ਕਰਾਮਤ ਅਤੇ ਅਬਦੁਲ ਵਹੀਦ ਕਾਕੜ ਪੁੱਜੇ। ਕਾਕੜ ਦੀ ਨਿਯੁਕਤੀ ਸਮੇਂ ਮੌਕੇ ਦੇ ਰਾਸ਼ਟਰਪਤੀ ਗੁਲਾਮ ਇਸਹਾਕ ਖਾਨ ਉਤੇ ਪਖਤੂਨ ਪ੍ਰਸਤੀ ਦੇ ਦੋਸ਼ ਲੱਗੇ ਸਨ। ਗੁਲਾਮ ਇਸਹਾਕ ਖਾਨ, ਜੋ ਖੁਦ ਵੀ ਪਖਤੂਨ ਸੀ, ਨੇ ਮੌਕੇ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨਾਲ ਸਲਾਹ ਕੀਤੇ ਬਿਨਾ ਕਾਕੜ ਨੂੰ ਫੌਜੀ ਮੁਖੀ ਬਣਾਉਣ ਦਾ ਐਲਾਨ ਕਰ ਦਿੱਤਾ ਸੀ। ਓਦੋਂ ਇਸ ਨੂੰ ਫੌਜ ਵਿੱਚ ਪਖਤੂਨਾਂ ਦੇ ਨਵੇਂ ਦੌਰ ਦੀ ਸ਼ੁਰੂਆਤ ਕਿਹਾ ਗਿਆ ਸੀ। ਵਹੀਦ ਕਾਕੜ ਨੂੰ ਉਸ ਨਾਲੋਂ ਸੀਨੀਅਰ ਪੰਜ ਜਰਨੈਲਾਂ ਦੀ ਸੀਨੀਅਰਤਾ ਉਲੰਘ ਕੇ ਫੌਜੀ ਮੁਖੀ ਬਣਾਇਆ ਗਿਆ ਸੀ।

ਪਾਕਿਸਤਾਨ ਵਿੱਚ ਪੰਜਾਬੀਆਂ ਅਤੇ ਪਖਤੂਨਾਂ ਵਿਚਾਲੇ ਖਹਿਬਾਜ਼ੀ ਲੰਮੇ ਸਮੇਂ ਤੋਂ ਹੈ ਅਤੇ ਇਹ ਖਿੱਚੋਤਾਣ ਫੌਜ ਵੀ ਰਹਿੰਦੀ ਹੈ। ਫੌਜੀ ਮੁਖੀ ਦੇ ਅਹੁਦੇ ਤੱਕ ਕਈ ਪੰਜਾਬੀ ਗਏ ਹਨ। ਜਨਰਲ ਜ਼ਿਆ ਉਲ ਹੱਕ, ਆਸਿਫ ਨਵਾਜ਼ ਜੰਜੂਆ, ਪਰਵੇਜ਼ ਕਿਆਨੀ, ਰਹੀਲ ਸ਼ਰੀਫ ਅਤੇ ਕਮਰ ਬਾਜਵਾ ਪੰਜਾਬ ਵਿੱਚੋਂ ਹਨ। ਪਾਕਿਸਤਾਨ ਵਿੱਚ ਪੰਜਾਬੀਅਤ ਭਾਵੇਂ ਸਭ ਤੋਂ ਵੱਧ ਮਜ਼ਬੂਤ ਹਾਲਤ ਵਿੱਚ ਹੈ, ਪਰ ਇਨ੍ਹਾਂ ਵਿੱਚ ਜਾਤੀ ਵਖਰੇਵਾਂ ਰਹਿੰਦਾ ਹੈ ਜੋ ਖਿੱਚੋਤਾਣ ਦਾ ਕਾਰਨ ਬਣਦਾ ਹੈ। ਇਸ ਦਾ ਕਾਰਨ ਸਮਾਜੀ ਤੇ ਮਾਲੀ ਦਬਦਬੇ ਦੀ ਲੜਾਈ ਹੈ। ਪਾਕਿਸਤਾਨੀ ਫੌਜ ਵਿੱਚ ਪੰਜਾਬੀਆਂ ਵਿੱਚੋਂ ਵੱਡੀ ਗਿਣਤੀ ਜੱਟ, ਅਰਾਈਂ ਅਤੇ ਰਾਜਪੂਤ ਹਨ। ਦਿਲਚਸਪ ਗੱਲ ਇਹ ਹੈ ਕਿ ਬਾਜਵਾ ਪਹਿਲਾ ਜੱਟ ਹੈ, ਜੋ ਪਾਕਿਸਤਾਨੀ ਫੌਜ ਦੇ ਮੁਖੀ ਦੇ ਅਹੁਦੇ ਤੱਕ ਪੁੱਜਾ ਹੈ। ਜ਼ਿਆ ਉਲ ਹੱਕ ਅਰਾਈਂ ਸੀ। ਰਹੀਲ ਸ਼ਰੀਫ ਰਾਜਪੂਤ ਹੈ, ਜਦੋਂ ਪਰਵੇਜ਼ ਕਿਆਨੀ, ਕਿਆਨੀ ਕਬੀਲੇ ਨਾਲ ਸਬੰਧਤ ਹੈ। ਲਹਿੰਦੇ ਪੰਜਾਬ ਵਿੱਚ ਅਰਾਈਆਂ, ਰਾਜਪੂਤਾਂ ਤੇ ਜੱਟਾਂ ਵਿਚਾਲੇ ਹਮੇਸ਼ਾ ਸਮਾਜਿਕ ਤਣਾਅ ਰਿਹਾ ਹੈ, ਜਿਸ ਦੇ ਆਰਥਿਕ ਕਾਰਨ ਹਨ। ਪੰਜਾਬ ਦੇ ਪੇਂਡੂ ਅਰਥਚਾਰੇ ਉਤੇ ਇਨ੍ਹਾਂ ਤਿੰਨਾਂ ਜਾਤਾਂ ਦੀ ਮਜ਼ਬੂਤ ਪਕੜ ਹੈ। ਪੰਜਾਬ ਦੇ ਸ਼ਹਿਰਾਂ ਦੇ ਆਸਪਾਸ ਜ਼ਿਆਦਾਤਰ ਜ਼ਮੀਨ ਅਰਾਈ ਮੁਸਲਮਾਨਾਂ ਕੋਲ ਹੈ। ਇਸ ਦੌਰਾਨ ਪਾਕਿਸਤਾਨ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਨੇ ਫੌਜ ਨੂੰ ਕਾਬੂ ਕਰਨ ਲਈ ਕੁਝ ਵੱਖਰੇ ਤਜਰਬੇ ਕੀਤੇ, ਪਰ ਇਹ ਨਾਕਾਮ ਰਹੇ।

ਨਵਾਜ਼ ਸ਼ਰੀਫ ਨੇ ਮੁਸ਼ੱਰਫ ਨੂੰ ਇਸੇ ਕਾਰਨ ਫੌਜ ਦਾ ਮੁਖੀ ਲਾਇਆ ਕਿ ਉਹ ਮਾਰਸ਼ਲ ਬਿਰਾਦਰੀ ਨਾਲ ਸਬੰਧਤ ਨਹੀਂ ਸੀ, ਪਰ ਉਹ ਕਿਤੇ ਵੱਧ ਖਤਰਨਾਕ ਨਿਕਲਿਆ। ਮੁਸ਼ੱਰਫ ਉਤੇ ਨਜ਼ਰ ਰੱਖਣ ਲਈ ਸ਼ਰੀਫ ਨੇ ਆਪਣੀ ਬਿਰਾਦਰੀ ਦੇ ਜ਼ਿਆਊਦੀਨ ਬੱਟ ਨੂੰ ਆਈ ਐਸ ਆਈ ਦਾ ਮੁਖੀ ਲਾਇਆ, ਪਰ ਇਸ ਦੇ ਬਾਵਜੂਦ ਨਵਾਜ਼ ਸ਼ਰੀਫ, ਮੁਸ਼ੱਰਫ ਉਤੇ ਕਾਬੂ ਨਾ ਪਾ ਸਕਿਆ। ਸ਼ਰੀਫ ਨੇ ਉਸ ਨੂੰ ਇਸੇ ਕਾਰਨ ਆਈ ਐਸ ਆਈ ਮੁਖੀ ਲਾਇਆ ਸੀ ਕਿ ਬੱਟ ਕਸ਼ਮੀਰੀ ਸੀ ਤੇ ਉਹ ਮੁਸ਼ੱਰਫ ਉਤੇ ਨਜ਼ਰ ਰੱਖਣ ਵਿੱਚ ਸਫਲ ਰਹੇਗਾ।

ਬਾਜਵਾ ਦੇ ਸੇਵਾਕਾਲ ਦਾ ਭਾਵੇਂ ਤਿੰਨ ਸਾਲ ਵਾਧਾ ਹੋ ਗਿਆ ਹੈ, ਪਰ ਉਸ ਦੀ ਭਾਰਤ ਵੱਲ ਨੀਤੀ ਵਿੱਚ ਸ਼ਾਇਦ ਹੀ ਕੋਈ ਤਬਦੀਲੀ ਹੋਵੇ। ਉਂਜ ਉਸ ਦੀ ਪਹੁੰਚ ਪਾਕਿਸਤਾਨ ਦੇ ਪਹਿਲੇ ਫੌਜੀ ਮੁਖੀਆਂ ਤੋਂ ਵੱਖਰੀ ਹੈ। ਕਸ਼ਮੀਰ ਸਰਹੱਦ ਉਤੇ ਤਣਾਅ ਦੇ ਬਾਵਜੂਦ ਬਾਜਵਾ ਲੰਮੇ ਸਮੇਂ ਤੋਂ ਭਾਰਤ ਨਾਲ ਮਾਲੀ ਰਿਸ਼ਤੇ ਵਧਾਉਣ ਦਾ ਪੱਖ ਲੈ ਰਿਹਾ ਹੈ। ਅਮਰੀਕਾ, ਕੈਨੇਡਾ ਤੇ ਮੈਕਸਿਕੋ ਵਾਂਗ ਭਾਰਤ ਪਾਕਿ ਵਿਚਾਲੇ ਆਰਥਿਕ ਸਹਿਯੋਗ ਵਧਾਉਣਾ ਬਾਜਵਾ ਸਿਧਾਂਤ ਦਾ ਅਹਿਮ ਹਿੱਸਾ ਹੈ।

ਦੱਸਿਆ ਜਾਂਦਾ ਹੈ ਕਿ ਕਰਤਾਰਪੁਰ ਲਾਂਘੇ ਪਿੱਛੇ ਵੀ ਓਸੇ ਦਾ ਦਿਮਾਗ ਹੈ, ਹਾਲਾਂਕਿ ਜੰਮੂ ਕਸ਼ਮੀਰ ਵਿੱਚ ਪੁਲ-ਵਾਮਾ ਵਿੱਚ ਦਹਿਸ਼ਤੀ ਹਮਲੇ ਤੋਂ ਬਾਅਦ ਦੋਵਾਂ ਮੁਲਕਾਂ ਦੇ ਆਰਥਿਕ ਰਿਸ਼ਤੇ ਬਹੁਤ ਖਰਾਬ ਹੋ ਗਏ ਹਨ। ਵਪਾਰ ਬੰਦ ਹੋਣ ਕੰਢੇ ਹੈ। ਉਂਜ ਬਾਜਵਾ ਕਸ਼ਮੀਰ ਸਰਹੱਦ 'ਤੇ ਤਣਾਅ ਵਧਾਉਂਦਾ ਹੈ ਜਾਂ ਖਤਮ ਕਰਨ ਦੀ ਪਹਿਲ ਕਰਦਾ ਹੈ, ਇਹ ਤਾਂ ਸਮਾਂ ਹੀ ਦੱਸੇਗਾ। ਇਮਰਾਨ ਖਾਨ ਦੇ ਹੱਥ ਵੀ ਬੱਝੇ ਹੋਏ ਹਨ। ਸਾਰਾ ਕੁਝ ਅਫਗਾਨ ਅਮਨ ਵਾਰਤਾ ਦੀ ਸਫਲਤਾ ਅਤੇ ਬਾਜਵਾ ਦੀ ਰਣਨੀਤੀ ਉਤੇ ਨਿਰਭਰ ਕਰੇਗਾ।

# ਸਫਲਤਾ ਦਾ ਝੰਡਾ ਲਹਿਰਾਉਂਦੀਆਂ ਧੀਆਂ ਨੂੰ ਪੇਸ਼ ਚੁਣੌਤੀਆਂ

-ਰੋਹਿਤ ਕੌਸ਼ਿਕ-

ਪੀ ਵੀ ਸਿੰਧੂ ਨੇ ਬੈਡਮਿੰਟਨ ਵਿਸ਼ਵ ਚੈਂਪੀਅਨਸ਼ਿਪ 2019 ਦੇ ਫਾਈਨਲ 'ਚ ਜਾਪਾਨ ਦੀ ਨੋਜ਼ੋਮੀ ਓਕੂਹਾਰਾ ਨੂੰ ਹਰਾ ਕੇ ਚੈਂਪੀਅਨਸ਼ਿਪ 'ਚ ਪਹਿਲੀ ਵਾਰ ਸੋਨ ਤਮਗਾ ਜਿੱਤ ਲਿਆ। ਇਸ ਜਿੱਤ ਦੇ ਨਾਲ ਹੀ ਸਿੰਧੂ ਵਿਸ਼ਵ ਚੈਂਪੀਅਨਸ਼ਿਪ ਵਿੱਚ ਸੋਨ ਤਮਗਾ ਜਿੱਤਣ ਵਾਲੀ ਪਹਿਲੀ ਭਾਰਤੀ ਖਿਡਾਰਨ ਬਣ ਗਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਸ਼ਵ ਚੈਂਪੀਅਨਸ਼ਿਪ ਵਿੱਚ ਇਤਿਹਾ-ਸਕ ਸੋਨ ਤਮਗਾ ਜਿੱਤਣ ਉਤੇ ਪੀ ਵੀ ਸਿੰਧੂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਬੈਡਮਿੰਟਨ ਪ੍ਰਤੀ ਸਿੰਧੂ ਦੀ ਲਗਨ ਤੇ ਸਮਰਪਣ ਪ੍ਰੇਰਨਾਦਾਇਕ ਹੈ।

ਇਹ ਬਦਕਿਸਮਤੀ ਹੀ ਹੈ ਕਿ ਇੱਕ ਪਾਸੇ ਧੀਆਂ ਸਫਲਤਾ ਦੀਆਂ ਨਵੀਆਂ ਕਹਾਣੀਆਂ ਲਿਖ ਰਹੀਆਂ ਹਨ ਤਾਂ ਦੂਜੇ ਪਾਸੇ ਧੀਆਂ 'ਤੇ ਅਤਿਆਚਾਰ ਦੀਆਂ ਘਟਨਾਵਾਂ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਇਸ ਤਰੱਕੀਸ਼ੀਲ ਦੌਰ ਵਿੱਚ ਸਾਨੂੰ ਸੋਚਣਾ ਪਵੇਗਾ ਕਿ ਧੀਆਂ ਦੇ ਸੰਦਰਭ ਵਿੱਚ ਵੱਡੀਆਂ ਵੱਡੀਆਂ ਗੱਲਾਂ ਕਰਨ ਵਾਲਾ ਸਮਾਜ ਧੀਆਂ ਦੇ ਸੰਦਰਭ 'ਚ ਖੋਖਲਾ ਆਸ਼ੀਰਵਾਦ ਕਿਉਂ ਅਪਣਾ ਲੈਂਦਾ ਹੈ? ਇਸ ਦੌਰ ਵਿੱਚ ਧੀਆਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਵਧੀ ਜਾ ਰਹੀਆਂ ਹਨ। ਸਾਨੂੰ ਇਸ ਗੱਲ 'ਤੇ ਵਿਚਾਰ ਕਰਨਾ ਪਵੇਗਾ ਕਿ ਇੱਕ ਇਨਸਾਨ ਵਜੋਂ ਸਾਡੀ ਗਿਰਾਵਟ ਦਾ ਕਾਰਨ ਕੀ ਹੈ? ਅਸੀਂ ਬਾਹਰ ਦੀ ਕਾਨੂੰਨ ਵਿਵਸਥਾ ਨੂੰ ਨਿੰਦ ਕੇ ਸੰਤੁਸ਼ਟ ਹੋ ਸਕਦੇ ਹਾਂ, ਪਰ ਆਪਣੇ ਅੰਦਰ ਦੀ ਕਾਨੂੰਨ ਵਿਵਸਥਾ ਦੀ ਜ਼ਿੰਮੇਵਾਰੀ ਤਾਂ ਸਾਨੂੰ ਖੁਦ ਲੈਣੀ ਪਵੇਗੀ। ਬਦਕਿਸਮਤੀ ਇਹ ਹੈ ਕਿ ਅਸੀਂ ਬਾਹਰ ਦੀ ਕਾਨੂੰਨ ਵਿਵਸਥਾ ਲਈ ਤਾਂ ਵੱਖ-ਵੱਖ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਹਾਂ, ਪਰ ਆਪਣੇ ਅੰਦਰ ਕਾਨੂੰਨ ਵਿਵਸਥਾ ਸੁਧਾਰਨ 'ਤੇ ਧਿਆਨ ਨਹੀਂ ਦੇਂਦੇ। ਕੀ ਇਹ ਸਮਾਜ ਧੀਆਂ ਦੀ ਇੱਜ਼ਤ ਅਤੇ ਜਾਨ ਬਚਾਉਣ ਵਿੱਚ ਇੰਨਾ ਲਾਚਾਰ ਅਤੇ ਅਸਮਰਥ ਹੋ ਗਿਆ ਹੈ ਕਿ ਉਸ ਦੇ ਸਾਹਮਣੇ ਧੀਆਂ 'ਤੇ ਵੱਖ-ਵੱਖ ਤੌਰ ਤਰੀਕਿਆਂ ਨਾਲ ਹਮਲੇ ਹੁੰਦੇ ਰਹਿਣ ਅਤੇ ਉਹ ਚੁੱਪ ਧਾਰ ਲਏ। ਧੀਆਂ ਦੇ ਮਾਮਲੇ ਵਿੱਚ ਸਾਡੇ ਸਮਾਜ ਦਾ ਖੋਖਲਾ ਆਸ਼ੀਰਵਾਦ ਕਈ ਵਾਰ ਪ੍ਰਗਟ ਹੋ ਚੁੱਕਾ ਹੈ। ਛੋਟੀਆਂ-ਛੋਟੀਆਂ ਬੱਚੀਆਂ ਨੂੰ ਸ਼ਿਕਾਰ ਬਣਾਉਂਦੇ ਹੋਏ ਜੇ ਸਾਡਾ ਦਿਲ ਨਹੀਂ ਪਸੀਜਦਾ ਤਾਂ ਇਸ ਤੋਂ ਸ਼ਰਮਨਾਕ ਕੁਝ ਨਹੀਂ ਹੋ ਸਕਦਾ।

ਇਹ ਬਦਕਿਸਮਤੀ ਹੈ ਕਿ ਅਸੀਂ ਹਾਲੇ ਬੇਟੀਆਂ ਨੂੰ ਸਨਮਾਨ ਦੇਣਾ ਨਹੀਂ ਸਿੱਖ ਸਕੇ, ਪਰ ਧੀਆਂ ਬੇਪ੍ਰਵਾਹ ਸਾਨੂੰ ਸਨਮਾਨ ਦੇਣ ਵਿੱਚ ਜੁਟੀਆਂ ਹਨ। ਧੀਆਂ ਆਸਮਾਨ ਵਿੱਚ ਉਡ ਕੇ ਆਸਮਾਨ ਛੂਹ ਰਹੀਆਂ ਹਨ ਅਤੇ ਅਸੀਂ ਜ਼ਮੀਨ 'ਤੇ ਉਨ੍ਹਾਂ ਨੂੰ ਦਬੋਚ ਕੇ ਉਨ੍ਹਾਂ ਦੇ ਆਤਮ ਸਨਮਾਨ ਨੂੰ ਠੇਸ ਲਾ ਰਹੇ ਹਾਂ। ਸਾਡੇ ਦੇਸ਼ ਦੀਆਂ ਧੀਆਂ ਨੇ ਇਹ ਕਈ ਵਾਰ ਸਿੱਧ ਕੀਤਾ ਹੈ ਕਿ ਜੇ ਉਨ੍ਹਾਂ ਨੂੰ ਉਤਸ਼ਾਹ ਅਤੇ ਸਨਮਾਨ ਦਿੱਤਾ ਜਾਵੇ ਤਾਂ ਉਹ ਸਾਡੇ ਦੇਸ਼ ਨੂੰ ਕੌਮਾਂਤਰੀ ਫਲਕ 'ਤੇ ਇੱਕ ਨਵੀਂ ਪਛੈਣ ਦਿਵਾ ਸਕਦੀਆਂ ਹਨ, ਪਰ ਸਾਡੇ ਸਮਾਜ ਵਿੱਚ ਆਜ਼ਾਦੀ ਦੇ ਇੰਨੇ ਸਾਲਾਂ ਬਾਅਦ ਵੀ ਧੀਆਂ ਉਹ ਸਨਮਾਨ ਹਾਸਲ ਨਹੀਂ ਕਰ ਸਕੀਆਂ, ਜਿਸ ਦੀਆਂ ਉਹ ਹੱਕਦਾਰ ਸਨ। ਇਹ ਸਹੀ ਹੈ ਕਿ ਇਸ ਦੌਰ 'ਚ ਧੀਆਂ ਨੂੰ ਲੈ ਕੇ ਸਮਾਜ ਦੀ ਸੋਚ ਬਦਲ ਰਹੀ ਹੈ। ਪਰਵਾਰ ਧੀਆਂ ਦੇ ਪਾਲਣ ਪੋਸ਼ਣ ਅਤੇ ਸਿਖਿਆ 'ਤੇ ਧਿਆਨ ਜ਼ਰੂਰ ਦੇ ਰਹੇ ਹਨ, ਪਰ ਸਾਡੇ ਸਮਾਜ ਦੇ ਸਮੂਹਿਕ ਮਨ 'ਚ ਧੀਆਂ ਨੂੰ ਲੈ ਕੇ ਇੱਕ ਅਜੀਬ ਜਿਹੀ ਨਕਾਰਾਤਮਕਤਾ ਹੈ।



ਰੀਓ ਡੀ ਜਨੇਰੀਓ ਵਿੱਚ ਓਲੰਪਿਕ ਖੇਡਾਂ ਵਿੱਚ ਕਾਂਸੀ ਦੀ ਤਮਗਾ ਜਿੱਤਣ ਵਾਲੀ ਮਹਿਲਾ ਪਹਿਲਵਾਨ ਸਾਕਸ਼ੀ ਮਲਿਕ ਦੇ ਪਿਤਾ ਨੇ ਕੁਝ ਸਮਾਂ ਪਹਿਲਾਂ ਦੱਸਿਆ ਸੀ ਕਿ ਜਦੋਂ ਮੈਂ ਪਹਿਲੀ ਵਾਰ ਆਪਣੀ ਬੇਟੀ ਨੂੰ ਕੁਸ਼ਤੀ ਸਿਖਾਉਣ ਲਈ ਅਖਾੜੇ ਵਿੱਚ ਲੈ ਕੇ ਗਿਆ ਤਾਂ ਮੈਨੂੰ ਸਮਾਜ ਦੇ ਮਿਹਣੇ ਸੁਣਨੇ ਪਏ ਸਨ। ਸਮਾਜ ਦੀ ਇਹ ਨਕਾਰਾਤਮਕਤਾ ਲੜਕੀਆਂ ਦੇ ਆਤਮ ਵਿਸ਼ਵਾਸ ਨੂੰ ਘੱਟ ਕਰਦੀ ਹੈ। ਜੋ ਲੜਕੀਆਂ ਇਸ ਨਕਾਰ-ਾਤਮਕਤਾ ਨੂੰ ਚੁਣੌਤੀ ਵਜੋਂ ਲੈਂਦੀਆਂ ਹਨ, ਉਹ ਇੱਕ ਨਾ ਇੱਕ ਦਿਨ ਸਫਲਤਾ ਦਾ ਝੰਡਾ ਲਹਿਰਾਉਂਦੀਆਂ ਹਨ। ਇਹ ਤਰਾਸਦੀ ਹੈ ਕਿ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਅਸੀਂ ਅਜੇ ਵੀ ਆਤਮਿਕ ਤੌਰ 'ਤੇ ਵਿਕਾਸ ਨਹੀਂ ਕਰ ਸਕੇ। ਪਿਤਾ ਪੁਰਖੀ ਸਮਾਜ ਵਿੱਚ ਲੜਕੀਆਂ ਨੂੰ ਰੋਜ਼ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦੌਰ ਵਿੱਚ ਸਾਡੇ ਸਮਾਜ ਦੇ ਛੋਟੇ ਜਿਹੇ ਤਬਕੇ ਵਿੱਚ ਲੜਕੀਆਂ ਨੂੰ ਪੂਰਨ ਛੋਟ ਦਿੱਤੀ ਜਾਣ ਲੱਗੀ ਹੈ, ਪਰ ਇਥੇ ਉਨ੍ਹਾਂ ਦੀਆਂ ਚੁਣੌਤੀਆਂ ਵੱਖਰੀ ਕਿਸਮ ਦੀਆਂ ਹਨ।

ਕੁੱਲ ਮਿਲਾ ਕੇ ਪਿਤਾ ਪੁਰਖੀ ਸਮਾਜ ਲੜਕੀਆਂ ਲਈ ਅਨੇਕ ਕਿਸਮ ਦੇ ਅੜਿੱਕੇ ਖੜ੍ਹੇ ਕਰ ਰਿਹਾ ਹੈ। ਇਹ ਸਮਾਜ ਇਨ੍ਹਾਂ ਰੁਕਾਵਟਾਂ ਦੇ ਸਮਰਥਨ ਵਿੱਚ ਵੱਖਰੀ ਕਿਸਮ ਦੇ ਤਰਕ ਘੜਦਾ ਹੈ। ਇਹ ਜਾਣਦੇ ਹੋਏ ਵੀ ਕਿ ਇਨ੍ਹਾਂ ਦਾ ਕੋਈ ਆਧਾਰ ਨਹੀਂ ਹੈ, ਇਹ ਸਮਾਜ ਇਨ੍ਹਾਂ ਤਰਕਾਂ ਨੂੰ ਨਿਯਮਾਂ ਵਾਂਗ ਲੜਕੀਆਂ 'ਤੇ ਥੋਪਦਾ ਹੈ। ਜਦੋਂ ਅਸੀਂ ਇਨ੍ਹਾਂ ਆਧਾਰਹੀਣ ਨਿਯਮਾਂ ਨੂੰ ਸਿਰਫ ਲੜਕੀਆਂ 'ਤੇ ਥੋਪਦੇ ਹਾਂ ਤਾਂ ਇੱਕ ਤਰ੍ਹਾਂ ਅਸੀਂ ਪਿਤਾ ਪੁਰਖੀ ਸਮਾਜ ਨੂੰ ਮੁੜ ਸਥਾਪਤ ਕਰਦੇ ਹਾਂ।

21ਵੀਂ ਸਦੀ ਵਿੱਚ ਵੀ ਜੇ ਲੜਕੀਆਂ ਨੂੰ ਅੱਗੇ ਵਧਣ ਦੀ ਕੋਸ਼ਿਸ਼ ਵਿੱਚ ਮਿਹਣੇ ਸੁਣਨੇ ਪੈਂਦੇ ਹਨ ਤਾਂ ਸਾਨੂੰ ਇਹ ਸੋਚਣਾ ਪਵੇਗਾ ਕਿ ਸਾਡੀ ਤਰੱਕੀਸ਼ੀਲਤਾ ਵਿੱਚ ਕਿੱਥੇ ਕਮੀ ਰਹਿੰਦੀ ਹੈ? ਸਿਰਫ ਭਾਸ਼ਣਬਾਜ਼ੀ ਨਾਲ ਸਮਾਜ ਵਿੱਚ ਤਰੱਕੀ ਨਹੀਂ ਆਉਂਦੀ। ਤਰੱਕੀਸ਼ੀਲ ਬਣਨ ਲਈ ਸਾਨੂੰ ਬਹੁਤ ਸਾਰੀਆਂ ਗਲੀਆਂ ਸੜੀਆਂ ਪ੍ਰੰਪਰਾਵਾਂ ਨੂੰ ਦਾਅ 'ਤੇ ਲਾਉਣਾ ਪੈਂਦਾ ਹੈ। ਸਿਰਫ ਡਿਗਰੀਆਂ ਬਟੋਰ ਕੇ ਸਿਖਿਅਤ ਹੋ ਜਾਣਾ ਸਮਾਜ ਦੀ ਤਰੱਕੀਸ਼ੀਲਤਾ ਦਾ ਪੈਮਾਨਾ ਨਹੀਂ ਹੈ। ਸਿਖਿਆ ਹਾਸਲ ਕਰ ਕੇ ਸਮਾਜ ਦੇ ਹਰ ਵਰਗ ਦੀ ਤਰੱਕੀ ਵਿੱਚ ਇਸ ਦੀ ਵਰਤੋਂ ਕਰਨਾ ਹੀ ਸੱਚੀ ਤਰੱਕੀਸ਼ੀਲਤਾ ਹੈ। ਵਿਚਾਰਨ ਯੋਗ ਸਵਾਲ ਇਹ ਹੈ ਕਿ ਕੀ ਅਸੀਂ ਲੜਕੀਆਂ ਦੇ ਸੰਬੰਧ ਵਿੱਚ ਸੱਚੇ ਅਰਥਾਂ 'ਚ ਤਰੱਕੀਸ਼ੀਲ ਹਾਂ? ਕੀ ਕੁੜੀਆਂ ਨੂੰ ਪੜ੍ਹਾਉਣਾ-ਲਿਖਾਉਣਾ ਤੇ ਆਧੁਨਿਕ ਪਹਿਰਾਵਾ ਪਹਿਨਣ ਦੀ ਇਜਾਜ਼ਤ ਦੇਣਾ ਹੀ ਤਰੱਕੀਸ਼ੀਲਤਾ ਹੈ?ਅਸੀਂ ਤਰੱਕੀਸ਼ੀਲਤਾ ਦੇ ਅਰਥ ਦੀ ਵਰਤੋਂ ਬਹੁਤ ਹੀ ਸੀਮਿਤ ਸੰਦਰਭਾਂ ਵਿੱਚ ਕਰਦੇ ਹਾਂ। 21ਵੀਂ ਸਦੀ ਵਿੱਚ ਵੀ ਜੇ ਅਸੀਂ ਲੜਕੀਆਂ ਦੀ ਰੱਖਿਆ ਨਹੀਂ ਕਰ ਸਕਦੇ ਤਾਂ ਇਸ ਤੋਂ ਵੱਧ ਸ਼ਰਮਨਾਕ ਕੁਝ ਨਹੀਂ ਹੋ ਸਕਦਾ।

ਬਦਕਿਸਮਤੀ ਇਹ ਹੈ ਕਿ ਖੇਡਾਂ ਵਿੱਚ ਵੀ ਲੜਕੀਆਂ ਨੂੰ ਅਨੇਕ ਪੱਧਰਾਂ 'ਤੇ ਚੁਣੌਤੀਆਂ ਸਹਿਣੀਆਂ ਪੈਂਦੀਆਂ ਹਨ। ਛੋਟੀ ਉਮਰ ਵਿੱਚ ਹਰ ਲੜਕੀ ਨੂੰ ਸਮਾਜ ਦੇ ਡਰੋਂ ਆਪਣੇ ਸ਼ੌਕ ਦੀ ਕੁਰਬਾਨੀ ਦੇਣੀ ਪੈਂਦੀ ਹੈ। ਇਸ ਲਈ ਸਾਡੇ ਦੇਸ਼ ਵਿੱਚ ਬਹੁਤ ਸਾਰੀਆਂ ਮਹਿਲਾ ਪ੍ਰਤਿਭਾਵਾਂ ਜਨਮ ਨਹੀਂ ਲੈ ਪਾਉਂਦੀਆਂ ਜਾਂ ਸਮੇਂ ਤੋਂ ਪਹਿਲਾਂ ਦਮ ਤੋੜ ਦਿੰਦੀਆਂ ਹਨ। ਜੋ ਮਹਿਲਾ ਪ੍ਰਤਿਭਾਵਾਂ ਪਰਵਾਰ ਦੀ ਪ੍ਰੇਰਨਾ ਨਾਲ ਖੇਡਾਂ ਵੱਲ ਰੁਖ਼ ਕਰਦੀਆਂ ਹਨ, ਉਨ੍ਹਾਂ ਨੂੰ ਅਨੇਕਾਂ ਪਾਪੜ ਵੇਲਣੇ ਪੈਂਦੇ ਹਨ। ਖੇਡ ਜਗਤ ਵਿੱਚ ਵੀ ਮਹਿਲਾ ਖਿਡਾਰੀਆਂ ਨੂੰ ਕਦਮ ਕਦਮ 'ਤੇ ਚੁਣੌਤੀਆਂ ਸਹਿਣੀਆਂ ਪੈਂਦੀਆਂ ਅਤੇ ਵਾਰ ਵਾਰ ਔਰਤ ਹੋਣ ਦਾ ਖਮਿਆਜ਼ਾ ਭੁਗਤਣਾ ਪੈਂਦਾ ਹੈ। ਕੁਝ ਸਮਾਂ ਪਹਿਲਾਂ ਮਹਿਲਾ ਖਿਡਾਰੀਆਂ ਦੇ ਸਰੀਰਕ ਸ਼ੋਸ਼ਣ ਦੀਆਂ ਘਟਨਾਵਾਂ ਸੁਣੀਆਂ ਸਨ। ਕਈ ਵਾਰ ਇਹ ਘਟਨਾਵਾਂ ਸਾਹਮਣੇ ਨਹੀਂ ਆ ਪਾਉਂਦੀਆਂ ਅਤੇ ਖਿਡਾਰਨਾਂ ਨੂੰ ਸਾਰੀ ਉਮਰ ਇਹ ਦਰਦ ਸਹਿਣਾ ਪੈਂਦਾ ਹੈ। ਟਰੇਨਿੰਗ ਦੌਰਾਨ ਅਤੇ ਮੈਦਾਨ 'ਤੇ ਖਿਡਾਰਨਾਂ ਨਾਲ ਛੇੜਛਾੜ ਦੀਆਂ ਘਟਨਾਵਾਂ ਵੀ ਆਮ ਹਨ।

ਅਜਿਹੀਆਂ ਘਟਨਾਵਾਂ ਅਤੇ ਵਾਤਾਵਰਣ ਦੇਖ ਕੇ ਹੋਰ ਪਰਵਾਰਾਂ ਦਾ ਮਨੋਬਲ ਟੁੱਟ ਜਾਂਦਾ ਹੈ ਅਤੇ ਉਹ ਆਪਣੀਆਂ ਧੀਆਂ ਨੂੰ ਖੇਡਾਂ ਦੇ ਖੇਤਰ ਵਿੱਚ ਭੇਜਣ ਤੋਂ ਕਤਰਾਉਣ ਲੱਗਦੇ ਹਨ। ਰਹਿੰਦੀ ਕਸਰ ਖੇਡ ਜਗਤ ਵਿੱਚ ਪੱਸਰੀ ਸਿਆਸਤ ਪੂਰੀ ਕਰ ਦਿੰਦੀ ਹੈ। ਤਰਾਸਦੀ ਇਹ ਹੈ ਕਿ ਇੱਕ ਪਾਸੇ ਧੀਆਂ ਖੇਡਾਂ ਵਿੱਚ ਪੱਸਰੀ ਸਿਆਸਤ ਨਾਲ ਜੂਝਦੀਆਂ ਹਨ ਤਾਂ ਦੂਜੇ ਪਾਸੇ ਸਮਾਜ ਵਿੱਚ ਪੱਸਰੀ ਰਾਜਨੀਤੀ ਉਨ੍ਹਾਂ ਦੇ ਰਾਹ ਵਿੱਚ ਕੰਡੇ ਵਿਛਾ ਦਿੰਦੀ ਹੈ। ਧੀਆਂ ਵਿਰੁੱਧ ਸਮਾਜ ਵਿੱਚ ਪੱਸਰੀ ਇਹ ਰਾਜਨੀਤੀ ਅਖੀਰ ਸਮਾਜਕ ਵਿਕਾਸ ਨੂੰ ਪਿੱਛੇ ਧੱਕਦੀ ਹੈ। ਸਿੱਟੇ ਵਜੋਂ ਧੀਆਂ ਅਤੇ ਪੁੱਤਾਂ ਵਿੱਚ ਅਨੇਕਾਂ ਪੱਧਰਾਂ 'ਤੇ ਫਰਕ ਬਣਿਆ ਰਹਿੰਦਾ ਹੈ। ਇਹ ਫਰਕ ਮੌਜੂਦ ਰਹਿਣ ਦੇ ਕਾਰਨ ਹੀ ਉਨ੍ਹਾਂ ਨੂੰ 'ਦੇਹ' ਹੀ ਮੰ-ਨਿਆ ਜਾਂਦਾ ਹੈ।

ਇਸ ਦੌਰ ਵਿੱਚ ਧੀਆਂ ਨਾਲ ਬਲਾਤਕਾਰ ਦੀਆਂ ਵਧਦੀਆਂ ਘਟਨਾਵਾਂ ਅਤੇ ਉਨ੍ਹਾਂ 'ਤੇ ਲਗਾਤਾਰ ਹੋ ਰਹੇ ਹਮਲੇ ਇਸ ਗੱਲ ਦਾ ਸਬੂਤ ਹੈ ਕਿ ਅਸੀਂ ਅੱਜ ਵੀ ਲੜਕੀਆਂ ਨੂੰ ਸਿਰਫ ਭੋਗ-ਵਿਲਾਸ ਦੀ ਵਸਤੂ ਮੰਨਦੇ ਹਾਂ। ਇਸ ਤੱਥ ਨੂੰ ਗਲਤ ਸਿੱਧ ਕਰਨ ਲਈ ਇਹ ਕਿਹਾ ਜਾ ਸਕਦਾ ਹੈ ਕਿ ਸਾਰਾ ਸਮਾਜ ਅਜਿਹਾ ਨਹੀਂ ਹੈ, ਪਰ ਅਸਲੀਅਤ ਇਹ ਹੈ ਕਿ ਜਦੋਂ ਸਾਹਮਣਿਓਂ ਕੋਈ ਲੜਕੀ ਲੰਘਦੀ ਹੈ ਤਾਂ ਸਭਿਅਕ ਲੋਕਾਂ ਦੇ ਚਿਹਰੇ 'ਤੇ ਵੀ ਖਚਰੀ ਮੁਸਕੁਰਾਹਟ ਆ ਜਾਂਦੀ ਹੈ। ਇਹ ਖਚਰੀ ਮੁਸਕੁਰਾਹਟ ਸਿੱਧ ਕਰਦੀ ਹੈ ਕਿ ਸੋਚ 'ਚ ਕੋਈ ਨਾ ਕੋਈ ਖੋਟ ਹੈ। ਸੁਖਾਵੀਂ ਗੱਲ ਇਹ ਹੈ ਕਿ ਇਸ ਮਾਹੌਲ ਵਿੱਚ ਵੀ ਲੜਕੀਆਂ ਦੇ ਹੌਂਸਲੇ ਬੁਲੰਦ ਹਨ ਅਤੇ ਉਹ ਲਗਾਤਾਰ ਸਫਲਤਾ ਦੀਆਂ ਨਵੀਆਂ ਕਹਾਣੀਆਂ ਲਿਖ ਰਹੀਆਂ ਹਨ।

# ਮਾਨਸਿਕ ਤਣਾਉ ਤੋਂ ਦੂਰ ਰਹੋ

-ਡਾ. ਆਗਿਆ ਜੀਤ ਸਿੰਘ-



ਮਾਨਸਿਕ ਤਣਾਉ ਜ਼ਿੰਦਗੀ ਦਾ ਹਿਸਾ ਹੈ, ਪਰ ਜਦੋਂ ਇਹ ਬਹੁਤ ਜ਼ਿਆਦਾ ਵਧ ਜਾਵੇ ਤਾਂ ਸਾਨੂੰ ਨਿਰਾਸ਼ਾ ਦੀ ਖਾਈ ਵੱਲ ਲੈ ਜਾਂਦਾ ਹੈ। ਤਣਾਉ ਹਰ ਮਨੁੱਖ ਦੀ ਜ਼ਿੰਦਗੀ ਵਿੱਚ ਕਦੇ ਨਾ ਕਦੇ ਜ਼ਰੂਰ ਆਉਂਦਾ ਹੈ। ਮਾਨਸਿਕ ਤਣਾਉ ਉਦੋਂ ਪੈਦਾ ਹੁੰਦਾ ਹੈ, ਜਦੋਂ ਸਮੱਸਿਆਵਾਂ ਦਾ ਠੀਕ ਹੱਲ ਨਹੀਂ ਹੁੰਦਾ ਅਤੇ ਸਾਡੇ ਮਨ 'ਤੇ ਬੋਝ ਪੈ ਜਾਂਦਾ ਹੈ। ਹਰ ਕਿਸੇ ਦੀ ਜ਼ਿੰਦਗੀ ਵਿੱਚ ਸਮੱਸਿਆਵਾਂ ਹੁੰਦੀਆਂ ਹਨ, ਜਿਨ੍ਹਾਂ ਦਾ ਹੱਲ ਜ਼ਰੂਰੀ ਹੈ। ਜਦੋਂ ਅਸੀਂ ਤਾਲਮੇਲ ਨਹੀਂ ਕਰ ਸਕਦੇ ਤਾਂ ਮਾਨਸਿਕ ਸੰਤੁਲਨ ਵਿਗੜਦਾ ਹੈ। ਇਸ ਸਥਿਤੀ ਵਿੱਚ ਮਾਨਸਿਕ ਸੰਘਰਸ਼ ਪੈਦਾ ਹੁੰਦਾ ਹੈ ਜਿਹੜਾ ਤਣਾਉ ਲਈ ਜ਼ਿੰਮੇਵਾਰ ਹੁੰਦਾ ਹੈ।

ਮਾਨਸਿਕ ਤਣਾਉ ਪੈਦਾ ਹੋਣ ਦੇ ਕਈ ਕਾਰਨ ਹੋ ਸਕਦੇ ਹਨ। ਜ਼ਿੰਦਗੀ ਗੁੰਝਲਦਾਰ ਹੈ। ਕਦੀ ਖੁਸ਼ੀ ਤੇ ਕਦੀ ਗਮੀ ਦੇ ਪਲ ਵਾਪਰਦੇ ਹਨ। ਤਣਾਉ ਤੋਂ ਬਾਅਦ ਵਿਅਕਤੀ ਦੀ ਜ਼ਿੰਦਗੀ ਵਿੱਚ ਚਿੰਤਾ ਪੈਦਾ ਹੁੰਦੀ ਹੈ, ਜਿਹੜੀ ਬੜੀ ਦੁਖਦਾਈ ਹੁੰਦੀ ਹੈ। ਇਸ ਤੋਂ ਬਾਅਦ ਦਵੰਦ ਜਦੋਂ ਅਸੀਂ ਕਿਸੇ ਮਸਲੇ ਬਾਰੇ ਠੀਕ ਨਿਰਣਾ ਨਹੀਂ ਕਰ ਸਕਦੇ ਅਤੇ ਅਸੀਂ ਮਾਨਸਿਕ ਸੰਘਰਸ਼ ਦੀ ਸਥਿਤੀ ਵਿੱਚ ਰਹਿੰਦੇ ਹਾਂ ਅਤੇ ਅਸਥਿਰਤਾ ਦੀ ਜ਼ਿੰਦਗੀ ਬਤੀਤ ਕਰਦੇ ਹਾਂ, ਇਸ ਨਾਲ ਵਿਸ਼ਾਦ ਪੈਦਾ ਹੁੰਦਾ ਹੈ, ਜਿਸ ਨਾਲ ਕਈ ਮਾਨਸਿਕ ਤੇ ਸਰੀਰਕ ਬਿਮਾਰੀਆਂ ਲੱਗਦੀਆਂ ਹਨ।

ਮਾਨਸਿਕ ਤਣਾਉ ਨਾਲ ਸਾਡੇ ਅੰਦਰ ਕਈ ਸਰੀਰਕ ਤਬਦੀਲੀਆਂ ਵਾਪਰਦੀਆਂ ਹਨ, ਜਿਵੇਂ ਸਾਹ ਤੇਜ਼ ਆਉਂਦਾ ਹੈ, ਨਬਜ਼ ਤੇਜ਼ ਚੱਲਦੀ ਹੈ, ਦਿਲ ਧੜਕਦਾ ਹੈ, ਭੁੱਖ ਨਹੀਂ ਲੱਗਦੀ, ਨੀਂਦ ਘੱਟ ਆਉਂਦੀ ਹੈ, ਬਲੱਡ ਪ੍ਰੈਸ਼ਰ ਵਧ ਜਾਂਦਾ ਤੇ ਬਲੱਡ ਸ਼ੂਗਰ ਦਾ ਵਾਧਾ ਹੁੰਦਾ ਹੈ। ਜੇ ਮਾਨਸਿਕ ਤਣਾਉ ਇੰਨਾ ਦੁਖਦਾਈ ਹੈ ਤਾਂ ਕਿਉਂ ਨਾ ਇਹ ਘਟਾਇਆ ਜਾਵੇ। ਇਸ ਨੂੰ ਖਤਮ ਨਹੀਂ ਕੀਤਾ ਜਾ ਸਕਦਾ, ਪਰ ਇਸ ਨਾਲ ਮੁਕਾਬਲਾ ਕੀਤਾ ਜਾ ਸਕਦਾ ਹੈ।

ਸਭ ਤੋਂ ਪਹਿਲਾਂ ਸਾਨੂੰ ਤਣਾਉ ਹੋਣ ਦੇ ਕਾਰਨਾਂ ਤੋਂ ਜਾਣੂ ਹੋਣਾ ਪਵੇਗਾ। ਸਭ ਤੋਂ ਜ਼ਰੂਰੀ ਹੈ ਕਿ ਤੁਸੀਂ ਆਪਣੀ ਜ਼ਿੰਦਗੀ ਦੀ ਸ਼ੈਲੀ ਬਦਲੋ। ਜ਼ਿੰਦਗੀ ਸਰਲ ਅਤੇ ਸਾਦੀ ਬਿਤਾਉਣੀ ਚਾਹੀਦੀ ਹੈ। ਇਸ ਵਿੱਚ ਘੱਟ ਲੋੜਾਂ ਹੋਣ ਤਾਂ ਚੰਗਾ ਹੋਵੇਗਾ। ਜਦੋਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਸਮੱਸਿਆ ਬਣ ਜਾਂਦੀਆਂ ਹਨ ਤੇ ਜਦੋਂ ਸਮੱਸਿਆ ਦਾ ਹੱਲ ਨਹੀਂ ਮਿਲਦਾ ਤਾਂ ਤਣਾਉ ਦੀ ਸਥਿਤੀ ਪੈਦਾ ਹੁੰਦੀ ਹੈ। ਬਹੁਤ ਉਚੀਆਂ ਇੱਛਾਵਾਂ ਜਿਹੜੀਆਂ ਅਪੂਰਨ ਰਹਿ ਜਾਂਦੀਆਂ ਹਨ ਅਤੇ ਮਾਨਸਿਕ ਬਿਮਾਰੀਆਂ ਦਾ ਕਾਰਨ ਬਣਦੀਆਂ ਹਨ।

ਦੂਜਾ ਸਾਡਾ ਆਪਣਾ ਵਤੀਰਾ ਆਪਣੇ ਆਪ ਵੱਲ ਅਤੇ ਦੂਜੇ ਲੋਕਾਂ ਵੱਲ ਸਾਕਾਰਾਤਮਕ ਹੋਣਾ ਚਾਹੀਦਾ ਹੈ। ਬਹੁਤ ਸਾਰੇ ਲੋਕਾਂ ਦਾ ਨਾਕਾਰਾਤਮਕ ਵਤੀਰਾ ਹੋਣ ਕਾਰਨ ਮਨੋਵਿ-ਗਿਆਨਕ ਸਮੱਸਿਆਵਾਂ ਦਾ ਪੈਦਾ ਹੋਣਾ ਸੁਭਾਵਿਕ ਹੈ। ਅਸੀਂ ਜ਼ਿਆਦਾਤਰ ਨਾਂਹ ਵਾਚਕ ਹੁੰਦੇ ਹਾਂ। ਬੁਰੀਆਂ ਗੱਲਾਂ ਸੋਚਦੇ ਹਾਂ ਅਤੇ ਸਾਨੂੰ ਦੂਜਿਆਂ ਦਾ ਨੁਕਸਾਨ ਕਰਨ ਵਿੱਚ ਵਧੇਰੇ ਰੁਚੀ ਹੁੰਦੀ ਹੈ। ਖੁਸ਼ੀ ਤੁਹਾਨੂੰ ਲੁੱਟਣ ਵਿੱਚ ਨਹੀਂ, ਲੁਟਾਉਣ ਜਾਂ ਆਪਾ ਵਾਰਨ ਵਿੱਚ ਮਿਲੇਗੀ। ਸਾਨੂੰ ਮਾਨਵਤਾ ਵਿੱਚ ਵਿਸ਼ਵਾਸ ਕਰਨਾ ਚਾਹੀਦਾ ਹੈ। ਦੂਜਿਆਂ ਦਾ ਭਲਾ ਕਰਨਾ ਚਾਹੀਦਾ ਹੈ। ਇਸ ਲਈ ਸਾਨੂੰ ਆਪਣਾ ਨਜ਼ਰੀਆ ਆਪਣੇ ਵੱਲ ਅਤੇ ਦੂਜੇ ਲੋਕਾਂ ਵੱਲ ਠੀਕ ਕਰਨਾ ਪਵੇਗਾ। ਇੰਜ ਅਸੀਂ ਆਪਣੇ ਤਣਾਉ ਨੂੰ ਖਤਮ ਤਾਂ ਨਹੀਂ, ਪਰ ਘਟਾ ਜ਼ਰੂਰ ਸਕਦੇ ਹਾਂ।

ਸਭ ਤੋਂ ਜ਼ਰੂਰੀ ਹੈ ਕਿ ਅਸੀਂ ਸੱਚਾਈ ਦੇ ਰਾਹ 'ਤੇ ਚੱਲੀਏ। ਹਮੇਸ਼ਾ ਸੱਚ ਬੋਲੀਏ ਤੇ ਸੱਚ ਦਾ ਸਾਥ ਦੇਈਏ। ਜਦੋਂ ਅਸੀਂ ਕਿਸੇ ਚੀਜ਼ ਨੂੰ ਪ੍ਰਾਪਤ ਕਰਨ ਲਈ ਝੂਠ ਦਾ ਆਸਰਾ ਲੈਂਦੇ ਹਾਂ ਤਾਂ ਮਨ 'ਤੇ ਬੋਝ ਪੈਂਦਾ ਹੈ, ਕਿਉਂਕਿ ਪਤਾ ਹੈ ਕਿ ਤੁਸੀਂ ਝੂਠ ਬੋਲ ਰਹੇ ਹੋ। ਜੇ ਤੁਸੀਂ ਚਾਹੁੰਦੇ ਹੋ ਕਿ ਤਣਾਉ ਨਾ ਹੋਵੇ ਤਾਂ ਹਮੇਸ਼ਾ ਸੱਚ ਬੋਲੋ ਤੇ ਇਮਾਨਦਾਰੀ ਨਾਲ ਆਪਣੇ ਕਾਰਜ ਕਰੋ। ਹਰ ਧਰਮ ਸਾਨੂੰ ਚੰਗਾ ਵਿਅਕਤੀ ਬਣਾਉਣ ਦੀ ਨਸੀਹਤ ਦਿੰਦਾ ਹੈ। ਤੁਸੀਂ ਜਿਸ ਧਰਮ ਵਿੱਚ ਜਨਮ ਲਿਆ ਹੈ, ਉਸ ਧਰਮ ਦੇ ਪੀਰ, ਪੈਗੰਬਰਾਂ ਤੇ ਗੁਰੂਆਂ ਦੀ ਪੂਜਾ ਕਰੋ ਅਤੇ ਉਸੇ ਧਰਮ ਦੀ ਰਹਿਤ ਮਰਿਆਦਾ ਵਿੱਚ ਰਹੋ। ਤੁਹਾਨੂੰ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਜੇ ਤੁਸੀਂ ਦੂਜੇ ਲੋਕਾਂ ਦੀ ਮਦਦ ਕਰਦੇ ਹੋ ਤਾਂ ਪਰਮ-ਾਤਮਾ ਤੁਹਾਡੀ ਮਦਦ ਜ਼ਰੂਰ ਕਰੇਗਾ।

ਆਪਣੇ ਆਪ ਨੂੰ ਰੁਝੇਵਿਆਂ ਨਾਲ ਭਰਪੂਰ ਰੱਖੋ। ਕਦੇ ਵਿਹਲੇ ਨਾ ਬੈਠੋ। ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ। ਵਿਹਲਾ ਆਦਮੀ ਹਮੇਸ਼ਾ ਗਲਤ ਸੋਚਾਂ ਵਿੱਚ ਪਵੇਗਾ, ਜਿਸ ਨਾਲ ਮਾਨਸਿਕ ਸਿਹਤ ਵਿਗੜੇਗੀ। ਆਪਣੇ ਕੰਮ ਦੇ ਸਮੇਂ ਤੋਂ ਬਾਅਦ ਸ਼ੁਗਲਾਂ ਵਾਲੇ ਕੰਮਾਂ ਵਿੱਚ ਰੁੱਝੇ ਰਹੋ। ਬਾਗਬਾਨੀ, ਪੇਂਟਿੰਗ, ਸੰਗੀਤ ਜਾਂ ਰੁਚੀ ਅਨੁਸਾਰ ਕੋਈ ਕੰਮ ਕਰੋ। ਧਾਰਮਿਕ ਸੰਗੀਤ ਵਿੱਚ ਦਿਲਚਸਪੀ ਲਵੋ। ਸੰਗੀਤ ਥੈਰੇਪੀ ਦਾ ਮਾਨਸਿਕ ਤਣਾਉ ਨੂੰ ਘਟਾਉਣ ਵਿੱਚ ਬਹੁਤ ਵੱਡਾ ਯੋਗਦਾਨ ਹੈ।

ਸਵੇਰੇ ਉਠ ਕੇ ਸੈਰ ਕਰਨੀ ਬਹੁਤ ਜ਼ਰੂਰੀ ਹੈ। ਓਦੋਂ ਜਿਥੇ ਤੁਹਾਨੂੰ ਆਕਸੀਜਨ ਮਿਲਦੀ ਹੈ, ਉਥੇ ਪਾਰਕ ਜਾਂ ਬਾਗ ਵਿੱਚ ਜਾ ਕੇ ਤੁਸੀਂ ਫੁੱਲਾਂ ਬੂਟਿਆਂ, ਘਾਹ, ਪੰਛੀ ਤੇ ਪਰਿੰਦਿਆਂ ਦੀਆਂ ਆਵਾਜ਼ਾਂ, ਠੰਢੀ ਹਵਾ ਦਾ ਨਜ਼ਾਰਾ ਲਵੋ। ਹੋ ਸਕੇ ਤਾਂ ਯੋਗ ਵਿਸ਼ੇਸ਼ ਤੌਰ 'ਤੇ ਸਾਹ ਲੈਣ ਦੀਆਂ ਕਿਰਿਆਵਾਂ ਦੀਆਂ ਕਸਰਤਾਂ ਕਰੋ, ਜਿਸ ਨਾਲ ਤੁਹਾਡੀ ਸਾਹ ਪ੍ਰਣਾਲੀ ਵਿੱਚ ਖੂਨ ਦੀ ਪ੍ਰਕਿਰਿਆ ਠੀਕ ਹੋਵੇਗੀ। ਇਸ ਨਾਲ ਤੁਹਾਡਾ ਸਰੀਰ ਅਤੇ ਮਨ ਦੋਵੇਂ ਹੀ ਸਵੱਛ ਹੋ ਜਾਣਗੇ ਅਤੇ ਤੁਹਾਡੇ ਅੰਦਰ ਹੋਰ ਕੰਮ ਕਰਨ ਦੀ ਊਰਜਾ ਵੀ ਪੈਦਾ ਹੋਵੇਗੀ। ਤਣਾਉ ਜਾਂ ਚਿੰਤਾ ਕਾਰਨ ਜੇ ਤੁਹਾਨੂੰ ਰਾਤ ਨੀਂਦ ਨਹੀਂ ਆਉਂਦੀ ਤਾਂ ਸੌਣ ਤੋਂ ਪਹਿਲਾਂ ਲੰਬੇ ਸਾਹ ਲਵੋ। ਦਸ ਪੰਦਰਾਂ ਮਿੰਟ ਲਈ ਕੋਈ ਦਿਲਚਸਪ ਪੁਸਤਕ ਜਾਂ ਮੈਗਜ਼ੀਨ ਲੈ ਕੇ ਪੜ੍ਹ ਲੈਣੀ ਚਾਹੀਦੀ ਹੈ, ਜਿਸ ਨਾਲ ਤਣਾਉ ਕਾਰਨ ਤੁਹਾਡੀ ਸੋਚ ਉਸ ਸਥਿਤੀ ਤੋਂ ਹਟ ਕੇ ਕਿਸੇ ਦੂਜੀ ਤਰਫ ਹੋ ਜਾਵੇ।

ਸਭ ਤੋਂ ਵੱਧ ਤਾਂ ਮਾਨਸਿਕ ਕਸਰਤਾਂ ਕਰਨੀਆਂ ਜ਼ਰੂਰੀ ਹਨ। ਜਿਵੇਂ ਲੇਟ ਕੇ ਅੱਖਾਂ ਬੰਦ ਕਰਕੇ ਲੰਬੇ ਸਾਹ ਲਵੋ ਤੇ ਫਿਰ ਚੰਗੇ ਵਿਚਾਰ ਲਿਆਓ, ਚੰਗੇ ਨਜ਼ਾਰੇ ਦੇਖੋ ਅਤੇ ਆਪਣੇ ਆਪ ਨਾਲ ਗੱਲਬਾਤ ਕਰੋ। ਆਪਣੇ ਆਪ ਨੂੰ ਕਹੋ ਕਿ ਮੈਂ ਬਿਲਕੁਲ ਠੀਕ ਠਾਕ ਹਾਂ, ਮੈਨੂੰ ਕੋਈ ਚਿੰਤਾ ਨਹੀਂ, ਕੋਈ ਟੈਨਸ਼ਨ ਨਹੀਂ, ਆਰਾਮ ਕਰ ਰਿਹਾ ਹਾਂ। ਮੈਨੂੰ ਚੰਗੇ ਕੰਮ ਕਰਨੇ ਚਾਹੀਦੇ ਹਨ। ਮੈਂ ਚੰਗਾ ਬਣਾਂਗਾ। ਮੈਂ ਚੰਗਾ ਵਿਅਕਤੀ ਹਾਂ। ਇਨ੍ਹਾਂ ਵਿਚਾਰਾਂ ਨੂੰ ਆਪਣੇ ਅੰਦਰ ਵਾਰ-ਵਾਰ ਦੁਹਰਾਓ। ਤੁਸੀਂ ਦੇਖੋਗੇ ਕਿ ਤੁਹਾਡੇ ਅੰਦਰ ਸਵੈ ਵਿਸ਼ਵਾਸ ਅਤੇ ਸਵੈ ਭਰੋਸਾ ਪੈਦਾ ਹੋਵੇਗਾ ਅਤੇ ਤੁਹਾਨੂੰ ਬਹੁਤ ਸਕੂਨ ਮਿਲੇਗਾ।

ਜੇ ਤੁਹਾਡੇ ਦਿਮਾਗ 'ਤੇ ਤਣਾਉ ਕਾਰਨ ਬਹੁਤ ਬੋਝ ਹੈ ਤਾਂ ਕਿਸੇ ਪਿਆਰੇ ਵਿਅਕਤੀ ਜਾਂ ਸਨੇਹੀ ਨਾਲ ਗੱਲਬਾਤ ਕਰੋ। ਆਪਣੇ ਦਿਮਗ ਵਿੱਚ ਆਉਣ ਵਾਲੇ ਵਿਚਾਰਾਂ ਨੂੰ ਸਾਂਝਾ ਕਰੋ। ਗੱਲਬਾਤ ਕਰਨ ਨਾਲ ਤੁਹਾਡੀ ਅੱਧੀ ਸਮੱਸਿਆ ਦੂਰ ਹੋ ਜਾਵੇਗੀ। ਜੇ ਤੁਸੀਂ ਆਪਣੇ ਪਤੀ ਜਾਂ ਪਤਨੀ ਨਾਲ ਸਾਰੇ ਦੁੱਖ ਸੁੱਖ ਸਾਂਝੇ ਕਰਦੇ ਰਹੋ ਤਾਂ ਜ਼ਿੰਦਗੀ ਵਿੱਚ ਤਣਾਉ ਘਟੇਗਾ ਕਿਉਂਕਿ ਪਤੀ-ਪਤਨੀ ਇਕ ਦੂਜੇ ਦੇ ਸੱਚੇ ਤੇ ਗੂੜ੍ਹੇ ਮਿੱਤਰ ਹੁੰਦੇ ਹਨ। ਇਕ ਦੂਜੇ ਨੂੰ ਹੌਸਲਾ ਦਿਓ ਅਤੇ ਆਸਰਾ ਲਓ ਤਾਂ ਹੀ ਤੁਹਾਡੀ ਜ਼ਿੰਦਗੀ ਵਿੱਚ ਸ਼ਾਂਤੀ ਆਵੇਗੀ।

ਜੇ ਇੰਜ ਕਰਨ ਨਾਲ ਤੁਹਾਨੂੰ ਕੁਝ ਪ੍ਰਾਪਤ ਨਹੀਂ ਹੁੰਦਾ ਤਾਂ ਤੁਸੀਂ ਕਿਸੇ ਮਨੋ ਚਿਕਿਤਸਕ ਜਾਂ ਕਿਸੇ ਮਨੋਵਿਗਿਆਨੀ ਨੂੰ ਮਿਲੋ ਅਤੇ ਆਪਣੀ ਸਮੱਸਿਆ ਦੱਸ ਕੇ ਸਲਾਹ ਮਸ਼ਵਰਾ ਲਵੋ। ਮਨੋਚਿਕਿਤਸਕ ਮਾਹਰ ਤਾਂ ਤੁਹਾਨੂੰ ਕੁਝ ਦਵਾਈਆਂ ਦੇ ਕੇ ਥੋੜ੍ਹੇ ਸਮੇਂ ਲਈ ਨੀਂਦ ਦੀ ਹਾਲਤ ਵਿੱਚ ਲੈ ਜਾਣਗੇ ਜਿਥੇ ਤੁਸੀਂ ਤਣਾਉ ਵਾਲੀ ਸਥਿਤੀ ਨੂੰ ਭੁੱਲਣ ਦਾ ਯਤਨ ਕਰੋਗੇ, ਪਰ ਮਨੋਵਿਗਿਆਨੀ ਤੁਹਾਡੀ ਸਮੱਸਿਆ ਦਾ ਕਾਰਨ ਜਾਣ ਕੇ ਤੁਹਾਡੀ ਕੌਂਸਲਿੰਗ ਕਰਨਗੇ ਅਤੇ ਸਲਾਹ ਮਸ਼ਵਰਾ ਦੇਣਗੇ। ਉਹ ਤੁਹਾਡੀ ਅੰਤਰ ਦ੍ਰਿਸ਼ਟੀ ਜਗਾ ਕੇ ਤੁਹਾਡੇ ਅੰਦਰ ਬਣਿਆ ਕੋਈ ਡਰ, ਭੈਅ, ਫਿਕਰ ਜਾਂ ਹੋਰ ਭਾਵਨਾਤਮਕ ਚਿੰਨ੍ਹਾਂ ਨੂੰ ਬਾਹਰ ਕੱਢ ਕੇ ਤੁਹਾਨੂੰ ਸੁਚੇਤ ਕਰਨਗੇ। ਸਭ ਤੋਂ ਜ਼ਰੂਰੀ ਇਹ ਹੈ ਕਿ ਤੁਸੀਂ ਆਪ ਆਪਣੀ ਸਵੈ ਕੌਂਸਲਿੰਗ ਕਰਨੀ ਸਿੱਖ ਲਵੋ ਤਾਂ ਜੋ ਤੁਸੀਂ ਆਪਣੀਆਂ ਸਮੱਸਿਆਵਾਂ ਦਾ ਸਮਾਧਾਨ ਆਪ ਕਰਨ ਦੇ ਯੋਗ ਹੋ ਜਾਵੋ। ਇੰਜ ਤੁਸੀਂ ਮਾਨਸਿਕ ਤਣਾਉ ਤੋਂ ਕੁਝ ਦੇਰ ਲਈ ਛੁਟਕਾਰਾ ਪਾਵੋਗੇ ਤੇ ਆਪਣੀ ਜ਼ਿੰਦਗੀ ਨੂੰ ਸੁਹਾਵਣੀ, ਸੁਆਦਲੀ ਤੇ ਅਰਥ ਭਰਪੂਰ ਬਣਾ ਕੇ ਆਪਣੀ ਜ਼ਿੰਦਗੀ ਦਾ ਮਜ਼ਾ ਉਠਾ ਸਕੋਗੇ ਅਤੇ ਆਨੰਦ ਮਾਣੋਗੇ।

## ਮਾਈਕ੍ਰੋ ਰਿਜ਼ਰਵੇਸ਼ਨ ਬਾਰੇ ਸੁਪਰੀਮ ਕੋਰਟ ਵੱਲੋਂ ਹਾਈ ਕੋਰਟ ਦਾ ਫੈਸਲਾ ਬਹਾਲ

ਫਰੀਦਕੋਟ, 28 ਅਗਸਤ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਐਮ ਬੀ ਬੀ ਐਸ ਅਤੇ ਬੀ ਡੀ ਐਸ ਦਾਖਲਿਆਂ ਵਿੱਚ ਮਾਈਕ੍ਰੋ ਰਿਜ਼ਰਵੇਸ਼ਨ ਵਿਰੁੱਧ ਦਾਇਰ ਕੀਤੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਅਤੇ ਹਾਈ ਕੋਰਟ ਦਾ ਫੈਸਲਾ ਬਹਾਲ ਰੱਖਿਆ ਹੈ, ਪਰ ਕੋਰਟ ਨੇ ਖੇਡ ਕੋਟਾ ਤਿੰਨ ਫੀਸਦੀ ਤੋਂ ਘਟਾ ਕੇ ਇਕ ਫੀਸਦੀ ਕਰ ਦਿੱਤਾ ਹੈ। ਪੰਜਾਬ ਸਰਕਾਰ ਨੇ ਹਾਈ ਕੋਰਟ ਦੇ 26 ਜੁਲਾਈ ਦੇ ਫੈਸਲੇ ਦੇ ਖਿਲਾਫ ਸੁਪਰੀਮ ਕੋਰਟ ਵਿੱਚ ਵਿਸ਼ੇਸ਼ ਅਪੀਲ ਦਾਇਰ ਕਰ ਕੇ ਦਾਅਵਾ ਕੀਤਾ ਸੀ ਕਿ ਨਿੱਜੀ ਮੈਡੀਕਲ ਕਾਲਜਾਂ ਵਿੱਚ ਮਾਈਕ੍ਰੋ ਰਿਜ਼ਰਵੇਸ਼ਨ ਦਾ ਫਾਰਮੂਲਾ ਲਾਗੂ ਨਹੀਂ ਕੀਤਾ ਜਾ ਸਕਦਾ, ਕਿਉਂਕਿ ਪੰਜਾਬ ਸਰਕਾਰ ਨਿੱਜੀ ਮੈਡੀਕਲ ਕਾਲਜਾਂ ਨੂੰ ਕੋਈ ਆਰਥਿਕ ਮਦਦ ਨਹੀਂ ਦਿੰਦੀ। ਪੰਜਾਬ ਸਰਕਾਰ ਨੇ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਦੇ ਸਕੱਤਰ ਰਾਹੀਂ ਸੁਪਰੀਮ ਕੋਰਟ ਤੋਂ ਮੰਗ ਕੀਤੀ ਸੀ ਕਿ ਮਾਈਕ੍ਰੋ ਰਿਜ਼ਰਵੇਸ਼ਨ ਦਾ ਫੈਸਲਾ ਕਾਨੂੰਨ ਮੁਤਾਬਕ ਸਹੀ ਨਹੀਂ। ਸੁਪਰੀਮ ਕੋਰਟ ਨੇ ਕੱਲ੍ਹ ਹਾਈ ਕੋਰਟ ਦੇ ਫੈਸਲੇ ਦੀ ਮਾਮੂਲੀ ਸੋਧ ਕਰ ਕੇ ਡਾਇਰੈਕਟਰ ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਨੂੰ ਆਦੇਸ਼ ਦਿੱਤੇ ਕਿ ਬੀ ਡੀ ਐਸ ਅਤੇ ਐਮ ਬੀ ਬੀ ਐਸ ਦੀ ਕੌਂਸਲਿੰਗ ਸੱਤ ਸਤੰਬਰ ਤੱਕ ਮੁਕੰਮਲ ਕੀਤੀ ਜਾਵੇ।

## ਸੁੱਤੇ ਪਏ ਨੌਜਵਾਨ ਦਾ ਗਲਾ ਵੱਢ ਕੇ ਕਤਲ

ਦੋਦਾ, 28 ਅਗਸਤ (ਪੋਸਟ ਬਿਊਰੋ)- ਪਿੰਡ ਸੁਖਨਾ ਅਬਲੂ ਵਿਖੇ ਕੱਲ੍ਹ ਰਾਤ ਕੁਝ ਅਣਪਛਾਤੇ ਲੋਕਾਂ ਵੱਲੋਂ ਆਪਣੇ ਘਰ ਸੁੱਤੇ ਪਏ ਇਕ ਵਿਅਕਤੀ ਦਾ ਤੇਜ਼ ਹਥਿਆਰਾਂ ਨਾਲ ਗਲਾ ਵੱਢ ਕੇ ਕਤਲ ਕਰ ਦਿੱਤਾ ਗਿਆ। ਪੁਲਸ ਨੂੰ ਗੁਰਤੇਜ ਸਿੰਘ ਪੁੱਤਰ ਮੱਖਣ ਸਿੰਘ ਨੇ ਦੱਸਿਆ ਕਿ ਉਸ ਦਾ ਭਰਾ ਬਲਦੇਵ ਸਿੰਘ ਉਰਫ ਡੀਸੀ ਪਿਛਲੇ ਲੰਬੇ ਸਮੇਂ ਤੋਂ ਡਰਾਈਵਰੀ ਕਰਦਾ ਸੀ। ਕੱਲ੍ਹ ਰਾਤ ਲਗਭਗ ਦੋ ਵਜੇ ਕੁਝ ਅਣਪਛਾਤੇ ਵਿਅਕਤੀਆਂ ਨੇ ਘਰ ਵਿੱਚ ਦਾਖਲ ਹੋ ਕੇ ਸੁੱਤੇ ਪਏ ਬਲਦੇਵ ਸਿੰਘ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਤੇ ਗਲਾ ਵੱਢ ਕੇ ਹੱਤਿਆ ਕਰ ਦਿੱਤੀ। ਉਸ ਨੇ ਦੱਸਿਆ ਕਿ ਜਦ ਇਹ ਘਟਨਾ ਵਾਪਰੀ, ਉਸ ਸਮੇਂ ਉਸ ਦੇ ਭਰਾ ਦਾ ਪਰਵਾਰ ਤੇ ਮਾਤਾ ਕੋਲ ਹੀ ਸੁੱਤੇ ਪਏ ਸਨ, ਜਦ ਅਣਪਛਾਤੇ ਵਿਅਕਤੀਆਂ ਨੇ ਬਲਦੇਵ ਸਿੰਘ 'ਤੇ ਹਮਲਾ ਕੀਤਾ ਤਾਂ ਉਸ ਦੀ ਮਾਤਾ ਨੂੰ ਪਤਾ ਲੱਗ ਗਿਆ, ਪਰ ਨਜ਼ਰ ਘੱਟ ਹੋਣ ਕਾਰਨ ਕਿਸੇ ਦੀ ਪਛਾਣ ਨਹੀਂ ਹੋ ਸਕੀ। ਉਸ ਦੇ ਮੁਤਾਬਕ ਹਮਲਾਵਰ ਦੋ ਜਣੇ ਸਨ, ਜੋ ਘਟਨਾ ਤੋਂ ਬਾਅਦ ਫਰਾਰ ਹੋ ਗਏ। ਉਨ੍ਹਾਂ ਇਸ ਦੀ ਜਾਣਕਾਰੀ ਪਿੰਡ ਦੇ ਪਤਵੰਤਿਆਂ ਅਤੇ ਪੁਲਸ ਨੂੰ ਦਿੱਤੀ।

### ਬਰਗਾੜੀ ਬੇਅਦਬੀ ਮਾਮਲਾ :

# ਪੰਜਾਬ ਸਰਕਾਰ ਵੱਲੋਂ ਸੀ ਬੀ ਆਈ ਦੇ ਵਿਰੁੱਧ ਕੇਂਦਰ ਨੂੰ ਚਿੱਠੀ ਲਿਖਣ ਦਾ ਫੈਸਲਾ

ਚੰਡੀਗੜ੍ਹ, 28 ਅਗਸਤ (ਪੋਸਟ ਬਿਊਰੋ)- ਕੇਂਦਰੀ ਜਾਂਚ ਏਜੰਸੀ ਸੀ ਬੀ ਆਈ ਵਿਰੁੱਧ ਸਖਤ ਰੁਖ਼ ਲੈਂਦੇ ਹੋਏ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਦੇ ਪਰਸੋਨਲ ਵਿਭਾਗ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਬਾਰੇ ਸਿੱਧਾ ਪੱਤਰ ਲਿਖਣ ਅਤੇ ਇੱਕ ਸਖਤ ਸ਼ਿਕਾਇਤ ਕਰਨ ਦਾ ਫੈਸਲਾ ਕੀਤਾ ਹੈ।




ਇਸ ਸੰਬੰਧ ਵਿੱਚ ਸਰਕਾਰੀ ਸੂਤਰਾਂ ਨੇ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਹੁਕਮ ਦਿੱਤਾ ਹੈ ਕਿ ਕੇਂਦਰ ਦੇ ਪਰਸੋਨਲ ਵਿਭਾਗ ਦੇ ਰਾਹੀਂ ਸੀ ਬੀ ਆਈ ਨੂੰ ਬੇਅਦਬੀ ਕੇਸ ਵਾਪਸ ਕਰਨ ਲਈ ਕਿਹਾ ਜਾਏ। ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਨੂੰ ਹਾਈ ਕੋਰਟ ਦੇ ਉਸ ਫੈਸਲੇ ਦੀ ਕਾਪੀ ਭੇਜੀ ਜਾਏਗੀ ਜਿਸ ਵਿੱਚ ਕੋਰਟ ਨੇ ਪੰਜਾਬ ਦੇ ਸੀ ਬੀ ਆਈ ਤੋਂ ਕੇਸ ਵਾਪਸ ਲੈਣ ਦੇ ਫੈਸਲੇ ਨੂੰ ਠੀਕ ਠਹਿਰਾਇਆ ਸੀ। ਕੇਂਦਰ ਦੇ ਪਰਸੋਨਲ ਵਿਭਾਗ ਨੂੰ ਦੱਸਿਆ ਜਾਏਗਾ ਕਿ ਕੇਸ ਵਾਪਸ ਨਾ ਕਰ ਕੇ ਸੀ ਬੀ ਆਈ ਇੱਕ ਤਰ੍ਹਾਂ ਅਦਾਲਤ ਦੇ ਫੈਸਲੇ ਦਾ ਉਲੰਘਣ ਕਰ ਰਹੀ ਹੈ ਤੇ ਇਹ ਕੰਟੈਪਟ ਆਫ ਕੋਰਟ ਬਣਦਾ ਹੈ। ਸੀ ਬੀ ਆਈ ਨੇ ਅਜੇ ਤੱਕ ਬੇਅਦਬੀ ਕੇਸ ਵਾਪਸ ਨਹੀਂ ਕੀਤਾ, ਜਦ ਕਿ ਇਸ ਬਾਰੇ ਪੰਜਾਬ ਸਰਕਾਰ ਸੀ ਬੀ ਆਈ ਨੂੰ ਲਿਖ ਚੁੱਕੀ ਹੈ ਅਤੇ ਇਸ ਬਾਰੇ ਵਿਧਾਨ ਸਭਾ ਵਿੱਚ ਪਾਸ ਕੀਤੇ ਮਤੇ ਦਾ ਹਵਾਲਾ ਵੀ ਦਿੱਤਾ ਹੈ। ਵਿਧਾਨ ਸਭਾ ਨੇ ਪਿਛਲੇ ਸਾਲ ਅਗਸਤ ਵਿੱਚ ਸੀ ਬੀ ਆਈ ਨੂੰ ਬੇਅਦਬੀ ਦੇ ਸਾਰੇ ਕੇਸ ਪੰਜਾਬ ਨੂੰ ਵਾਪਸ ਕਰਨ ਲਈ ਕਿਹਾ ਸੀ।

ਵਰਨਣ ਯੋਗ ਹੈ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਨੇ ਨਵੰਬਰ 2015 ਵਿੱਚ ਬੇਅਦਬੀ ਦੇ ਕੁਝ ਕੇਸ ਸੀ ਬੀ ਆਈ ਨੂੰ ਸੌਂਪ ਦਿੱਤੇ ਸਨ ਅਤੇ ਸੀ ਬੀ ਆਈ ਇਨ੍ਹਾਂ ਕੇਸਾਂ ਨੂੰ ਤਿੰਨ ਸਾਲ ਵਿੱਚ ਹੱਲ ਕਰਨ ਵਿੱਚ ਨਾਕਾਮ ਰਹੀ ਅਤੇ ਕੁਝ ਹਫਤੇ ਪਹਿਲਾਂ ਇਸ ਨੇ ਸੀ ਬੀ ਆਈ ਅਦਾਲਤ ਵਿੱਚ ਕਲੋਜ਼ਰ ਰਿਪੋਰਟ ਪੇਸ਼ ਕਰ ਦਿੱਤੀ ਸੀ। ਇਸ 'ਤੇ ਪੰਜਾਬ ਸਰਕਾਰ ਨੇ ਇਤਰਾਜ਼ ਜਤਾਇਆ ਤਾਂ ਸੀ ਬੀ ਆਈ ਨੇ ਫਿਰ ਅਦਾਲਤ ਨੂੰ ਕਹਿ ਦਿੱਤਾ ਕਿ ਉਨ੍ਹਾਂ ਦੀ ਕਲੋਜ਼ਰ ਰਿਪੋਰਟ 'ਤੇ ਰੋਕ ਲਾ ਦਿੱਤੀ ਜਾਏ ਕਿਉਂਕਿ ਉਹ ਦੋਬਾਰਾ ਬੇਅਦਬੀ ਕੇਸ ਦੀ ਜਾਂਚ ਕਰਨ ਲਈ ਤਿਆਰ ਹੈ। ਇਸ 'ਤੇ ਵੀ ਪੰਜਾਬ ਸਰਕਾਰ ਨੇ ਰੋਸ ਪ੍ਰਗਟ ਕੀਤਾ ਤੇ ਕਿਹਾ ਸੀ ਇਹ ਇੱਕ ਵੱਡੀ ਸ਼ਰਾਰਤ ਦਾ ਹਿੱਸਾ ਹੈ।

# ਹੜ੍ਹਾਂ ਕਾਰਨ ਫਸਲ 25,000 ਹੈਕਟੇਅਰ ਰਕਬੇ ਵਿੱਚ ਸੌ ਫੀਸਦੀ ਤਬਾਹ

ਚੰਡੀਗੜ੍ਹ, 28 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕਹਿਣ ਉੱਤੇ ਪੰਜਾਬ ਸਟੇਟ ਸੀਡ ਕਾਰਪੋਰੇਸ਼ਨ ਅਗਲੇ ਹਾੜ੍ਹੀ ਦੇ ਮੌਸਮ ਵੇਲੇ ਹੜ੍ਹ ਪ੍ਰਭਾਵਤ ਕਿਸਾਨਾਂ ਨੂੰ ਕਣਕ ਦੀ ਫਸਲ ਦੇ ਕਰੀਬ 25000 ਕੁਇੰਟਲ ਉੱਚ ਪੱਧਰੀ ਬੀਜ ਸਪਲਾਈ ਕਰੇਗੀ। ਰਾਜ ਸਰਕਾਰ ਦੇ ਬੁਲਾਰੇ ਨੇ ਖੁਲਾਸਾ ਕੀਤਾ ਫਸਲਾਂ ਦੇ ਨੁਕਸਾਨ ਦੀਆਂ ਮੁੱਢਲੀਆਂ ਰਿਪੋਰਟਾਂ ਅਨੁਸਾਰ ਕਰੀਬ 25000 ਹੈਕਟੇਅਰ ਰਕਬੇ 'ਚ ਸੌ ਫੀਸਦੀ ਨੁਕਸਾਨ ਹੋਇਆ ਹੈ। ਅੰਦਾਜ਼ਨ ਪ੍ਰਤੀ ਹੈਕਟੇਅਰ ਰਕਬੇ ਵਿੱਚ ਲਗਭਗ ਇੱਕ ਕੁਇੰਟਲ ਬੀਜ ਦੀ ਲੋੜ ਹੁੰਦੀ ਹੈ। ਇਸ ਲਈ ਸੂਬਾ ਸਰਕਾਰ ਨੇ ਪਨਸੀਡ ਰਾਹੀਂ 25000 ਕੁਇੰਟਲ ਬੀਜ ਦੇਣ ਦੀ ਵਿਵਸਥਾ ਕੀਤੀ ਹੈ। ਨੁਕਸਾਨ ਦੀ ਅੰਤਿਮ ਰਿਪੋਰਟ ਮੁਤਾਬਕ ਲੋੜ ਅਨੁਸਾਰ ਹੋਰ ਬੀਜਾਂ ਦੀ ਸਪਲਾਈ ਕੀਤੀ ਜਾਵੇਗੀ ਅਤੇ



ਹੜ੍ਹ ਪ੍ਰਭਾਵਤ ਪਿੰਡਾਂ ਦੇ ਕਿਸਾਨਾਂ ਨੂੰ ਕਰੀਬ 7.50 ਕਰੋੜ ਰੁਪਏਦੀ ਲਾਗਤ ਵਾਲੇ ਬੀਜ ਮੁਫਤ ਹਾਸਲ ਕਰਵਾਏ ਜਾਣਗੇ।

ਸਰਕਾਰੀ ਬੁਲਾਰੇ ਨੇ ਕਿਹਾ ਕਿ ਇਸ ਕਾਰਵਾਈ ਦਾ ਮੁੱਖ ਮੰਤਵ ਸੰਕਟ ਦੀ ਘੜੀ ਕਿਸਾਨਾਂ ਲਈ ਸਹਾਇਤਾ ਲਈ ਹੱਥ ਵਧਾਉਣਾ ਹੈ। ਇਸ ਕਦਮ ਨਾਲ ਜਲੰਧਰ ਜ਼ਿਲ੍ਹੇ ਦੇ ਸ਼ਾਹਕੋਟ ਸਬ ਡਵੀਜ਼ਨ ਦੇ ਲਗਭਗ 30 ਪਿੰਡਾਂ ਦੇ ਕਿਸਾਨਾਂ ਨੂੰ ਮਦਦ ਮਿਲੇਗੀ ਜਿਹੜੇ ਪਿੰਡ ਪੂਰੀ ਤਰ੍ਹਾਂ ਹੜ੍ਹ ਦੇ ਪਾਣੀ ਵਿੱਚ ਡੁੱਬ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪ੍ਰਭਾਵਤ ਪਿੰਡਾਂ ਦੇ ਕਿਸਾਨਾਂ ਦੀ ਹਾਲਤ ਪ੍ਰਤੀ ਪੂਰੀ ਤਰ੍ਹਾਂ ਸੰਵੇਦਨਸ਼ੀਲ ਹੈ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਦੇ ਰਹੀ ਹੈ। ਉਨ੍ਹਾਂ ਦੱਸਿਆ ਕਿ ਖੇਤੀਬਾੜੀ ਵਿਭਾਗ ਵੱਲੋਂ ਵਿਸ਼ੇਸ਼ ਗਿਰਦਾਵਰੀ ਵਿੱਚ ਹੋਏ ਨੁਕਸਾਨ ਦਾ ਪਤਾ ਲੱਗਣ ਤੋਂ ਬਾਅਦ ਕਿਸਾਨਾਂ ਨੂੰ ਫਸਲਾਂ ਦੇ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇਗਾ।

## ਨਸ਼ੇ ਦੇ ਝੂਠੇ ਕੇਸ ਵਿੱਚ ਫਸਾ ਕੇ ਲੱਖਾਂ ਵਸੂਲਣ ਵਾਲੇ ਚਾਰ ਪੁਲਸ ਮੁਲਾਜ਼ਮ ਸਸਪੈਂਡ



ਬਠਿੰਡਾ, 28 ਅਗਸਤ (ਪੋਸਟ ਬਿਊਰੋ)- ਬੇਕਸੂਰ ਨੌਜਵਾਨ ਨੂੰ ਪੰਜਾਹ ਗਰਾਮ ਹੈਰੋਇਨ ਦੇ ਝੂਠੇ ਕੇਸ ਵਿੱਚ ਫਸਾ ਕੇ ਬਠਿੰਡਾ ਪੁਲਸ ਦੇ ਮੁਲਾਜ਼ਮਾਂ ਨੇ ਉਸ ਦੇ ਪਰਵਾਰ ਤੋਂ ਲੱਖਾਂ ਰੁਪਏ ਵਸੂਲ ਲਏ। ਫਿਰ ਵੀ ਜਦ ਨੌਜਵਾਨ ਨੂੰ ਛੱਡਿਆ ਨਹੀਂ ਗਿਆ ਤਾਂ ਪੀੜਤ ਪਰਵਾਰ ਨੇ ਉੱਚ ਅਧਿਕਾਰੀਆਂ ਨੂੰ ਸ਼ਿਕਾਇਤ ਕੀਤੀ। ਇਸ ਕੇਸ ਵਿੱਚ ਸੀ ਆਈ ਏ ਇੰਚਾਰਜ ਸਮੇਤ ਇੱਕ ਏ ਐੱਸ ਆਈ ਅਤੇ ਦੋ ਕਾਂਸਟੇਬਲਾਂ 'ਤੇ ਕਾਰਵਾਈ ਕੀਤੀ ਗਈ ਹੈ।

ਬਠਿੰਡਾ ਦੇ ਐੱਸ ਐੱਸ ਪੀ ਡਾਕਟਰ ਨਾਨਕ ਸਿੰਘ ਨੇ ਦੱਸਿਆ ਕਿ ਸੀ ਆਈ ਏ ਵੰਨ ਦੇ ਇੰਚਾਰਜ ਇੰਸਪੈਕਟਰ ਅੰਮ੍ਰਿਤਪਾਲ ਸਿੰਘ ਭਾਟੀ, ਏ ਐੱਸ ਆਈ ਰਵੀ ਕੁਮਾਰ, ਕਾਂਸਟੇਬਲ ਕੁਲਵਿੰਦਰ ਸਿੰਘ ਅਤੇ ਕਾਂਸਟੇਬਲ ਰੂਪਾਲ ਸਿੰਘ ਨੂੰ ਸਸਪੈਂਡ ਕਰ ਕੇ ਉਨ੍ਹਾਂ ਦੇ ਖਿਲਾਫ ਵਿਭਾਗੀ ਜਾਂਚ ਦੇ ਹੁਕਮ ਦਿੱਤੇ ਗਏ ਹਨ। ਅਸਲ ਵਿੱਚ ਸੀ ਆਈ ਏ ਸਟਾਫ ਨੇ ਬੀਤੀ ਅੱਠ ਜੁਲਾਈ ਨੂੰ ਪਿੰਡ ਘੁੱਦਾ ਵਿੱਚ ਨਾਕਾਬੰਦੀ ਕਰ ਕੇ ਸਕਾਰਪੀਓ ਗੱਡੀ ਸਵਾਰ ਤਿੰਨ ਨੌਜਵਾਨਾਂ ਰਣਜੀਤ ਸਿੰਘ ਪਿੰਡ ਪਿਓਰੀ, ਕੁਲਦੀਪ ਸਿੰਘ ਪਿੰਡ ਜੰਗੀਰਾਣਾ ਅਤੇ ਸੁਪਰੀਮ ਸਿੰਘ ਪਿੰਡ ਹੁਸਨਰ ਤੋਂ ਪੰਜਾਹ ਗਰਾਮ ਹੈਰੋਇਨ ਮਿਲਣ ਦਾ ਕੇਸ ਦਰਜ ਕੀਤਾ ਤੇ ਕਿਹਾ ਸੀ ਕਿ ਤਿੰਨੇ ਦਿੱਲੀ ਤੋਂ ਹੈਰੋਇਨ ਲੈ ਕੇ ਆਏ ਸਨ। ਪੁਲਸ ਦੀ ਇਸ ਕਹਾਣੀ ਨੂੰ ਝੂਠੀ ਦੱਸ ਕੇ ਪਿੰਡ ਜੰਗੀਰਾਣਾ ਦੇ ਕੁਲਦੀਪ ਸਿੰਘ ਦੇ ਪਰਵਾਰ ਨੇ ਬਠਿੰਡਾ ਜ਼ੋਨ ਦੇ ਆਈ ਜੀ ਨੂੰ ਸ਼ਿਕਾਇਤ ਦਿੱਤੀ ਅਤੇ ਕਿਹਾ ਕਿ ਬੇਟੇ ਨੂੰ ਝੂਠਾ ਫਸਾਇਆ ਗਿਆ ਹੈ, ਉਨ੍ਹਾਂ ਦਾ ਬੇਟਾ ਨਾ ਦਿੱਲੀ ਗਿਆ ਸੀ ਤੇ ਨਾ ਉਹ ਕਾਰ ਵਿੱਚ ਸਨ। ਪੁਲਸ ਨੇ ਉਸ ਨੂੰ ਕਿਸੇ ਦੂਸਰੀ ਥਾਂ ਤੋਂ ਫੜ ਕੇ ਕਹਾਣੀ ਘੜੀ ਹੈ। ਬੇਟੇ ਨੂੰ ਕੇਸ ਤੋਂ ਬਾਹਰ ਕੱਢਣ ਲਈ ਪੁਲਸ ਅਧਿਕਾਰੀਆਂ ਨੇ ਸਾਢੇ ਪੰਜ ਲੱਖ ਰੁਪਏ ਮੰਗੇ ਸਨ। ਉਨ੍ਹਾਂ ਵਿੱਚੋਂ ਕੁਝ ਪੈਸੇ ਉਹ ਦੇ ਚੁੱਕੇ ਹਨ, ਇਸ ਦੇ ਬਾਵਜੂਦ ਕੇਸ ਦਰਜ ਕਰ ਦਿੱਤਾ। ਪਰਵਾਰ ਨੇ ਪੁਲਸ ਅਧਿਕਾਰੀਆਂ ਵੱਲੋਂ ਪੈਸੇ ਮੰਗਣ ਦੇ ਪੁਖਤਾ ਸਬੂਤ ਹੋਣ ਦਾ ਦਾਅਵਾ ਵੀ ਆਈ ਜੀ ਦੇ ਕੋਲ ਕੀਤਾ ਸੀ। ਜਾਂਚ ਐਸ ਐਸ ਪੀ ਬਠਿੰਡਾ ਨੂੰ ਸੌਂਪੀ। ਮਾਮਲਾ ਸੱਚ ਨਿਕਲਿਆ ਤਾਂ ਪੁਲਸ ਵਾਲਿਆਂ 'ਤੇ ਕਾਰਵਾਈ ਕੀਤੀ।

# ਆਸ਼ਕੀ ਕਰਨ ਵਾਲਾ ਪ੍ਰਿੰਸੀਪਲ ਸਸਪੈਂਡ, ਮਹਿਲਾ ਟੀਚਰਾਂ ਵਿਰੁੱਧ ਕਾਰਵਾਈ ਤੈਅ

ਤਲਵਾੜਾ, 28 ਅਗਸਤ (ਪੋਸਟ ਬਿਊਰੋ)- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾਤਾਰਪੁਰ ਵਿੱਚ ਮਹਿਲਾ ਟੀਚਰਾਂ ਦੇ ਨਾਲ ਅਸ਼ਲੀਲ ਹਰਕਤਾਂ ਕਰਨ ਵਾਲੇ ਪ੍ਰਿੰਸੀਪਲ ਵਿਕਰਮ ਸਿੰਘ ਨੂੰ ਸਸਪੈਂਡ ਕਰ ਦਿੱਤਾ ਗਿਆ ਅਤੇ ਹਾਲ ਦੀ ਘੜੀ ਉਸ ਦੀ ਡਿਊਟੀ ਜ਼ਿਲ੍ਹਾ ਸਿਖਿਆ ਅਧਿਕਾਰੀ ਦਫਤਰ ਤਰਨ ਤਾਰਨ ਵਿਖੈ ਲਾਈ ਗਈ ਹੈ। ਉਸ ਦੇ ਖਿਲਾਫ ਵਿਭਾਗੀ ਜਾਂਚ ਵੀ ਬਿਠਾ ਦਿੱਤੀ ਗਈ ਹੈ। ਮੁੱਢਲੀ ਜਾਂਚ ਕਮੇਟੀ ਨੇ ਮਹਿਲਾ ਟੀਚਰਾਂ ਵਿਰੁੱਧ ਵੀ ਕਾਰਵਾਈ ਲਈ ਕਿਹਾ ਹੈ ਕਿਉਂਕਿ ਵੀਡੀਓ ਵਿੱਚ ਅਸ਼ਲੀਲ ਹਰਕਤ ਕਰਨ ਵਿੱਚ ਪ੍ਰਿੰਸੀਪਲ ਦੇ ਨਾਲ ਉਨ੍ਹਾਂ ਦੀ ਸਹਿਮਤੀ ਸਾਹਮਣੇ ਆਈ ਹੈ।

ਵਰਨਣ ਯੋਗ ਹੈ ਕਿ ਵੀਡੀਓ ਵਾਇਰਲ ਹੋਣ ਦੇ ਬਾਅਦ ਡੀ ਈ ਓ ਸੈਕੰਡਰੀ ਮੋਹਨ ਸਿੰਘ ਲਹਿਲ ਨੇ ਡਿਪਟੀ ਡੀ ਈ ਓ ਰਾਕੇਸ਼ ਕੁਮਾਰ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗਰਲਜ਼ ਸੈਕਟਰ ਤਿੰਨ ਤਲਵਾੜਾ ਦੀ ਪ੍ਰਿੰਸੀਪਲ ਸੁਰੇਸ਼ ਕੁਮਾਰੀ ਦੀ ਅਗਵਾਈ ਵਿੱਚ ਜਾਂਚ ਕਮੇਟੀ ਬਣਾਈ ਸੀ। ਸੋਮਵਾਰ ਨੂੰ ਦੋਵੇਂ ਅਧਿਕਾਰੀ ਸਕੂਲ ਗਏ ਅਤੇ ਤਕਰੀਬਨ ਤਿੰਨ ਘੰਟੇ ਤੱਕ ਅਸ਼ਲੀਲ ਹਰਕਤਾਂ ਕਰਨ ਦੀ ਵਾਇਰਲ ਹੋਈ ਵੀਡੀਓ ਦੀ ਜਾਂਚ ਕੀਤੀ, ਜਿਸ ਵਿੱਚ ਇੱਕ ਮਹਿਲਾ ਟੀਚਰ ਵੀ ਪੇਸ਼ ਹੋਈ ਸੀ, ਪਰ ਬਿਮਾਰੀ ਦਾ ਬਹਾਨਾ ਲਾ ਕੇ ਪ੍ਰਿੰਸੀਪਲ ਵਿਕਰਮ ਸਿੰਘ ਸਕੂਲ ਨਹੀਂ ਆਇਆ। ਕਮੇਟੀ ਨੇ ਟੀਚਰਾਂ ਦੇ ਬਿਆਨ ਦਰਜ ਕੀਤੇ ਸਨ। ਜਾਂਚ ਕਮੇਟੀ ਨੇ ਆਪਣੀ ਰਿਪੋਰਟ ਸੋਮਵਾਰ ਦੇਰ ਸ਼ਾਮ ਡੀ ਈ ਓ ਮੋਹਨ ਸਿੰਘ ਲਹਿਲ ਨੂੰ ਸੌਂਪੀ ਤਾਂ ਇਸ ਪਿੱਛੋਂ ਸਿਖਿਆ ਵਿਭਾਗ ਦੇ ਸੈਕਟਰੀ ਕ੍ਰਿਸ਼ਨ ਕੁਮਾਰ ਨੇ ਪ੍ਰਿੰਸੀਪਲ ਵਿਕਰਮ ਸਿੰਘ ਨੂੰ ਸਸਪੈਂਡ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਵਾਇਰਲ ਵੀਡੀਓ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾਤਾਰਪੁਰ ਦਾ ਪ੍ਰਿੰਸੀਪਲ ਵਿਕਰਮ ਸਿੰਘ ਦੋ ਮਹਿਲਾ ਟੀਚਰਾਂ ਨਾਲ ਅਸ਼ਲੀਲ ਹਰਕਤਾਂ ਕਰਦਾ ਨਜ਼ਰ ਦਿੱਸਦਾ ਹੈ। ਪਤਾ ਲੱਗਾ ਹੈ ਕਿ ਸਫਾਈ ਵਿੱਚ ਮਹਿਲਾ ਟੀਚਰਾਂ ਨੇ ਕਿਹਾ ਕਿ ਉਨ੍ਹਾਂ ਤੋਂ ਗਲਤੀ ਹੋ ਗਈ ਹੈ, ਉਨ੍ਹਾਂ ਨੂੰ ਮੁਆਫ ਕਰ ਦਿਓ। ਅਜੇ ਤੱਕ ਅਧਿਕਾਰੀ ਕੁਝ ਦੱਸਣ ਨੂੰ ਤਿਆਰ ਨਹੀਂ, ਪਰ ਸੂਤਰਾਂ ਮੁਤਾਬਕ ਜਾਂਚ ਕਮੇਟੀ ਨੇ ਦੋ ਮਹਿਲਾ ਟੀਚਰਾਂ ਨੂੰ ਵੀ ਦੋਸ਼ੀ ਕਰਾਰ ਦਿੱਤਾ ਹੈ। ਇਸ ਕਰ ਕੇ ਮਹਿਲਾ ਟੀਚਰਾਂ 'ਤੇ ਵੀ ਕਾਰਵਾਈ ਹੋਣੀ ਤੈਅ ਹੈ।

# ਪੈਪਸੂ ਰੋਡਵੇਜ਼ ਦੇ ਕੰਡਕਟਰ ਦੀ ਗੋਲੀਆਂ ਮਾਰ ਕੇ ਹੱਤਿਆ



ਅੰਮ੍ਰਿਤਸਰ, 28 ਅਗਸਤ (ਪੋਸਟ ਬਿਊਰੋ)- ਪੈਪਸੂ ਰੋਡ ਟਰਾਂਸਪੋਰਟ ਕਪੂਰਥਲਾ ਦੀ ਬੱਸ ਵਿੱਚ ਕੰਡਕਟਰ ਨਾਰਾਇਣ ਸਿੰਘ ਦੀ ਤਿੰਨ ਅਣਪਛਾਤੇ ਬਾਈਕ ਸਵਾਰ ਨੌਜਵਾਨਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਹੈ। ਇਸ ਘਟਨਾ ਬਾਰੇ ਜਾਣਕਾਰੀ ਮਿਲਦੇ ਸਾਰ ਥਾਣਾ ਬਿਆਸ ਦੇ ਇੰਚਾਰਜ ਇੰਸਪੈਕਟਰ ਸਰਵਣਪਾਲ ਸਿੰਘ ਮੌਕੇ 'ਤੇ ਪਹੁੰਚੇ। ਨਾਰਾਇਣ ਸਿੰਘ ਦੀ ਪਤਨੀ ਕਿਰਨਦੀਪ ਕੌਰ ਦੀ ਸ਼ਿਕਾਇਤ 'ਤੇ ਪੁਲਸ ਨੇ ਅਣਪਛਾਤੇ ਕਾਤਲਾਂ ਵਿਰੁੱਧ ਕੇਸ ਦਰਜ ਕੀਤਾ ਹੈ.

ਕਿਰਨਦੀਪ ਕੌਰ ਨੇ ਦੱਸਿਆ ਕਿ ਉਸ ਦਾ ਪਤੀ ਨਾਰਾਇਣ ਸਿੰਘ ਪੈਪਸੂ ਰੋਡਵੇਜ਼ ਕਪੂਰਥਲਾ ਦਾ ਬੱਸ ਕੰਡਕ-ਟਰ ਸੀ, ਜੋ ਦੋ ਦਿਨ ਦੀ ਛੁੱਟੀ ਆਇਆ ਸੀ। ਕੱਲ੍ਹ ਰਾਤ ਉਸ ਦੇ ਪਰਵਾਰ ਦੇ ਜਾਣਨ ਵਾਲੇ ਰੰਧਾਵਾ ਨੇ ਫੋਨ ਕਰਕੇ ਉਸ ਨੂੰ ਦੱਸਿਆ ਕਿ ਉਸ ਦੇ ਪਤੀ ਨੂੰ ਕੋਈ ਅਣਪਛਾਤੇ ਵਿਅਕਤੀ ਗੋਲੀ ਮਾਰ ਕੇ ਹੱਤਿਆ ਕਰ ਗਏ ਹਨ। ਇਸ ਦੇ ਬਾਅਦ ਉਹ ਆਪਣੇ ਸਹੁਰੇ ਅਜੀਤ ਸਿੰਘ ਨਾਲ ਮੌਕੇ 'ਤੇ ਗਈ ਤਾਂ ਦੇਖਿਆ ਕਿ ਉਸ ਦਾ ਪਤੀ ਮਰ ਚੁੱਕਾ ਸੀ। ਘਟਨਾ ਸਥਾਨ 'ਤੇ ਖੜੇ ਅਜੀਤ ਸਿੰਘ ਨੇ ਦੱਸਿਆ ਕਿ ਨਾਰਾਇਣ ਸਿੰਘ ਸਕੂਲ ਦੇ ਨੇੜੇ ਉਸ ਦੇ ਨਾਲ ਖੜਾ ਗੱਲਾਂ ਕਰ ਰਿਹਾ ਸੀ ਕਿ ਇੰਨੇ ਵਿੱਚ ਪਿੰਡ ਬੁਤਾਲਾ ਵੱਲੋਂ ਤਿੰਨ ਨੌਜਵਾਨ ਮੋਟਰ ਸਾਈਕਲ 'ਤੇ ਆਏ ਅਤੇ ਉਨ੍ਹਾਂ 'ਚੋਂ ਇਕ ਨੇ ਆਪਣੀ ਡਬ ਤੋਂ ਪਿਸਤੌਲ ਕੱਢੀ ਅਤੇ ਨਾਰਾਇਣ ਸਿੰਘ 'ਤੇ ਗੋਲੀਆਂ ਚਲਾ ਦਿੱਤੀਆਂ। ਉਹ ਖੂਨ ਨਾਲ ਲਥਪਥ ਉਥੇ ਡਿੱਗ ਗਿਆ ਅਤੇ ਮੌਕੇ 'ਤੇ ਦਮ ਤੋੜ ਗਿਆ ਅਤੇ ਕਾਤਲ ਇਸ ਤੋਂ ਬਾਅਦ ਫਰਾਰ ਹੋ ਗਏ।

## ਬੱਚੇ ਨੂੰ ਬੋਰੀ ਵਿੱਚ ਪਾ ਕੇ ਖਿਸਕੇ ਨੌਜਵਾਨ, ਲੋਕ ਪਿੱਛੇ ਲੱਗੇ ਤਾਂ ਸੁੱਟ ਕੇ ਭੱਜੇ

ਜਲੰਧਰ, 28 ਅਗਸਤ (ਪੋਸਟ ਬਿਊਰੋ)- ਥਾਣਾ ਰਾਮਾ ਮੰਡੀ ਦੇ ਸੰਤੋਸ਼ੀ ਨਗਰ ਇਲਾਕੇ ਦੇ ਲੋਕਾਂ ਦੀ ਮੁਸਤੈਦੀ ਕਾਰਨ ਸੱਤ ਸਾਲਾ ਬੱਚਾ ਅਗਵਾ ਹੋਣ ਤੋਂ ਬਚ ਗਿਆ। ਐਕਟਿਵਾ ਸਵਾਰ ਦੋ ਨੌਜਵਾਨ ਉਕਤ ਬੱਚੇ ਨੂੰ ਜਬਰੀ ਬੋਰੀ ਵਿੱਚ ਪਾ ਕੇ ਲਿਜਾ ਰਹੇ ਸਨ ਕਿ ਇਲਾਕੇ ਦੇ ਲੋਕਾਂ ਨੇ ਉਨ੍ਹਾਂ ਨੂੰ ਦੇਖ ਲਿਆ ਤੇ ਪਿੱਛਾ ਸ਼ੁਰੂ ਕਰ ਦਿੱਤਾ। ਇਸ ਪਿੱਛੋਂ ਐਕਟਿਵਾ ਸਵਾਰ ਕਿਡਨੈਪਰ ਸੂਰਿਆ ਇਨਕਲੇਵ ਦੇ ਨੇੜੇ ਬੋਰੀ ਵਿੱਚ ਬੰਦ ਕੀਤੇ ਬੱਚੇ ਨੂੰ ਐਕਟਿਵਾ ਤੋਂ ਸੁੱਟ ਕੇ ਫਰਾਰ ਹੋ ਗਿਆ।

ਇਸ ਸੰਬੰਧ ਵਿੱਚ ਥਾਣਾ ਰਾਮਾ ਮੰਡੀ ਦੇ ਐੱਸ ਐੱਚ ਓ ਸੁਖਜੀਤ ਸਿੰਘ ਨੇ ਦੱਸਿਆ ਕਿ ਉਕਤ ਬੱਚਾ ਆਯੂਸ਼ ਸੰਤੋਸ਼ੀ ਨਗਰ ਵਿੱਚ ਆਪਣੇ ਘਰੋਂ ਸਿਰਫ ਕੁਝ ਦੂਰ ਬੀਤੀ ਸ਼ਾਮ ਟਿਊਸ਼ਨ ਪੜ੍ਹ ਕੇ ਆ ਰਿਹਾ ਸੀ। ਇਸ ਦੌਰਾਨ ਉਕਤ ਐਕਟਿਵਾ ਸਵਾਰ ਦੋਵੇਂ ਕਿਡਨੈਪਰ ਉਸ ਕੋਲ ਆਏ ਅਤੇ ਉਸ ਨੂੰ ਗੱਲਾਂ ਵਿੱਚ ਲਾ ਕੇ ਬੋਰੀ ਵਿੱਚ ਸੁੱਟ ਲਿਆ। ਕਿਡਨੈਪਰ ਬੱਚੇ ਨੂੰ ਬੋਰੀ ਵਿੱਚ ਪਾ ਕੇ ਐਕਟਿਵਾ 'ਤੇ ਭੱਜ ਰਹੇ ਸਨ ਕਿ ਉਥੋਂ ਲੰਘਦੇ ਕੁਝ ਲੋਕਾਂ ਨੂੰ ਉਨ੍ਹਾਂ 'ਤੇ ਸ਼ੱਕ ਹੋਇਆ, ਜਿਸ ਦੇ ਬਾਅਦ ਉਨ੍ਹਾਂ ਨੇ ਉਨ੍ਹਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਐੱਸ ਐੱਚ ਓ ਨੇ ਕਿਹਾ ਕਿ ਇਸ ਬਾਰੇ ਬੱਚੇ ਦੇ ਪਿਤਾ ਨੇ ਪੁਲਸ ਵਿੱਚ ਸ਼ਿਕਾਇਤ ਦਰਜ ਕਰਾਈ ਹੈ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਕੇ ਇਲਾਕੇ ਵਿੱਚ ਲੱਗੇ ਦਰਜਨ ਭਰ ਸੀ ਸੀ ਟੀ ਵੀ ਕੈਮਰਿਆਂ ਦੇ ਡੀ ਵੀ ਆਰ ਕਬਜ਼ੇ ਤੋਂ ਲੈ ਲਈ ਹੈ।

# ਭਾਰਤ-ਪਾਕਿ ਅਧਿਕਾਰੀਆਂ ਦੀ ਮੀਟਿੰਗ 30 ਨੂੰ ਹੋਣ ਦੀ ਆਸ

ਅੰਮ੍ਰਿਤਸਰ, 28 ਅਗਸਤ (ਪੋਸਟ ਬਿਊਰੋ)- ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਭਾਰਤ ਪਾਕਿ ਦੇ ਤਕਨੀਕੀ ਮਾਹਰਾਂ ਦੀ ਚੌਥੀ ਬੈਠਕ 30 ਅਗਸਤ ਨੂੰ ਕਰਤਾਰਪੁਰ ਸਾਹਿਬ ਅਤੇ ਡੇਰਾ ਬਾਬਾ ਨਾਨਕ ਜ਼ੀਰੋ ਪੁਆਇੰਟ ਵਿਖੇ ਹੋਣ ਦੀ ਆਸ ਹੈ। ਪਤਾ ਲੱਗਾ ਹੈ ਕਿ ਕੁਝ ਹਫਤੇ ਪਹਿਲਾਂ ਭਾਰਤ ਨੇ ਪਾਕਿਸਤਾਨ ਨੂੰ ਸੁਝਾਅ ਦਿੱਤਾ ਸੀ ਕਿ ਦੋਵੇਂ ਮੁਲਕਾਂ ਦੇ ਤਕਨੀਕੀ ਮਾਹਰਾਂ ਦੀ ਬੈਠਕ ਕੀਤੀ ਜਾਣੀ ਚਾਹੀਦੀ ਹੈ। ਪਾਕਿ-ਸਤਾਨ ਦੇ ਵਿਦੇਸ਼ ਦਫਤਰ ਵੱਲੋਂ ਇਸ ਬੈਠਕ ਬਾਰੇ ਅਜੇ ਅਧਿਕਾਰਤ ਤੌਰ 'ਤੇ ਕੋਈ ਪੁਸ਼ਟੀ ਨਹੀਂ ਕੀਤੀ ਗਈ।

ਸਮਝਿਆ ਜਾਂਦਾ ਹੈ ਕਿ ਇਸ ਬੈਠਕ 'ਚ ਦੋਵਾਂ ਦੇਸ਼ਾਂ ਦੇ ਤਕਨੀਕੀ ਅਧਿਕਾਰੀ, ਇਮੀਗ੍ਰੇਸ਼ਨ, ਕਸਟਮ, ਉਸਾਰੀ ਖੇਤਰ ਦੇ ਮਾਹਰ ਅਤੇ ਹੋਰ ਸ਼ਾਮਲ ਹੋਣਗੇ ਅਤੇ ਬੈਠਕ ਦੌਰਾਨ ਲਾਂਘੇ ਦੀ ਉਸਾਰੀ ਦੇ ਕੰਮ ਦੀ ਰਫਤਾਰ ਬਾਰੇ ਵੇਰਵੇ ਸਾਂਝੇ ਕਰਨਗੇ। ਪਿਛਲੇ ਦਿਨੀਂ ਆਏ ਹੜ੍ਹਾਂ ਅਤੇ ਮੀਂਹ ਦੇ ਪਾਣੀ ਨਾਲ ਉਸਾਰੀ ਦਾ ਕੰਮ ਕਿਸ ਹੱਦ ਤੱਕ ਪ੍ਰਭਾਵਿੱਤ ਹੋਣ ਬਾਰੇ ਵੀ ਸਮੀਖਿਆ ਕੀਤੀ ਜਾਵੇਗੀ। ਪਾਕਿਸਤਾਨ ਤੇ ਭਾਰਤ ਵਿਚਾਲੇ ਕਰਤਾਰਪੁਰ ਸਾਹਿਬ ਲਾਂਘੇ ਲਈ ਤਕਨੀਕੀ ਪੱਖਾਂ ਬਾਰੇ ਜ਼ੀਰੋ ਪੁਆਇੰਟ 'ਤੇ ਮਾਹਰਾਂ ਦੀਆਂ ਹਾਲੇ ਤੱਕ ਦੀਆਂ ਬੈਠਕਾਂ ਕਿਸੇ ਵਿਸ਼ੇਸ਼ ਸਿੱਟੇ 'ਤੇ ਨਹੀਂ ਪਹੁੰਚ ਸਕੀਆਂ ਅਤੇ ਇਸ ਤੋਂ ਪਹਿਲਾਂ 14 ਮਾਰਚ ਅਤੇ 16 ਅਪ੍ਰੈਲ ਨੂੰ ਤਕਨੀਕੀ ਪੱਧਰ 'ਤੇ ਗੱਲਬਾਤ ਕੀਤੇ ਜਾਣ ਉਪਰੰਤ ਭਾਰਤੀ ਸਿੱਖ ਯਾਤਰੂਆਂ ਦੀ ਕਰਤਾਰਪੁਰ ਸਾਹਿਬ ਲਾਂਘੇ ਰਾਹੀਂ ਯਾਤਰਾ ਦੀ ਸਹੂਲਤ ਅਤੇ ਗਲਿਆਰੇ ਨਾਲ ਸਬੰਧਤ ਬਕਾਇਆ ਤਕਨੀਕੀ ਮੁੱਦਿਆਂ ਨੂੰ ਸੁਲਝਾਉਣ ਵਾਲੇ ਸਮਝੌਤੇ 'ਤੇ ਵਿਸਥਾਰ ਨਾਲ ਚਰਚਾ ਕਰਨ ਲਈ 14 ਜੁਲਾਈ ਨੂੰ ਵਾਹਗਾ ਸਰਹੱਦ 'ਤੇ ਬੈਠਕ ਕੀਤੀ ਗਈ ਸੀ। ਪਾਕਿ ਵਿਦੇਸ਼ ਦਫਤਰ ਦੇ ਬੁਲਾਰੇ ਡਾ. ਮੁਹੰਮਦ ਫੈਸਲ ਨੇ ਕਿਹਾ ਹੈ ਕਿ ਦੋਵਾਂ ਦੇਸ਼ਾਂ ਦੇ 80 ਫੀਸਦੀ ਮੁੱਦਿਆਂ 'ਤੇ ਸਹਿਮਤੀ ਬਣ ਗਈ ਹੈ, ਜਦ ਕਿ 20 ਫੀਸਦੀ ਮਾਮਲਿਆਂ 'ਤੇ ਅਜੇ ਵੀ ਮਤਭੇਦ ਕਾਇਮ ਹਨ।

## ਪਿੰਡ ਪੁਆਰੀ 'ਚ ਦਰਿਆ ਦਾ ਵਹਿਣ ਬਦਲ ਕੇ ਬੰਨ੍ਹ ਨੂੰ ਲੱਗੇ ਖੋਰੇ ਨੂੰ ਰੋਕਣ ਦੇ ਯਤਨ

ਜਲੰਧਰ, 28 ਅਗਸਤ (ਪੋਸਟ ਬਿਊਰੋ)- ਪਿਛਲੇ ਕਈ ਦਿਨਾਂ ਤੋਂ ਸਤਲੁਜ ਦਰਿਆ ਦਾ ਵਹਿਣ ਪਿੰਡ ਪੁਆਰੀ ਵੱਲ ਹੋਣ ਕਾਰਨ ਬੰਨ੍ਹ ਨੂੰ ਲੱਗੇ ਖੋਰੇ ਤੋਂ ਬਚਾਉਣ ਲਈ ਜ਼ਿਲਾ ਪ੍ਰਸ਼ਾਸਨ ਵੱਲੋਂ ਡਰੇਨੇਜ ਮਹਿਕਮੇ ਅਤੇ ਇਲਾਕੇ ਦੇ ਲੋਕਾਂ ਦੀ ਮਦਦ ਨਾਲ ਯਤਨ ਕੀਤੇ ਜਾ ਰਹੇ ਹਨ। ਪਹਿਲਾਂ ਬੰਨ੍ਹ ਨੂੰ ਬਚਾਉਣ ਲਈ ਰੇਤੇ ਦੇ ਕਰੇਟਸ ਬਣਾ ਕੇ ਬੰਨ੍ਹ ਦੇ ਨਾਲ ਲਗਾਏ ਜਾ ਰਹੇ ਸਨ, ਇਸ ਵੇਲੇ ਡਰੇਨੇਜ ਵਿਭਾਗ ਵੱਲੋਂ ਸਟੱਡ (ਰੋਕਾਂ) ਲਾ ਕੇ ਦਰਿਆ ਦਾ ਵਹਿਣ ਮੋੜਨ ਦੇ ਯਤਨ ਹੋ ਰਹੇ ਹਨ ਅਤੇ ਇਨ੍ਹਾਂ ਕੋਸ਼ਿਸ਼ਾਂ 'ਚ ਮਹਿਕਮੇ ਨੂੰ ਕੱਲ੍ਹ ਕਾਫੀ ਹੱਦ ਤਕ ਸਫਲਤਾ ਵੀ ਮਿਲਦੀ ਨਜ਼ਰ ਆ ਰਹੀ ਹੈ।

ਵਰਨਣ ਯੋਗ ਹੈ ਕਿ ਪਿਛਲੇ ਕਈ ਦਿਨਾਂ ਤੋਂ ਦਰਿਆ ਦਾ ਵਹਿਣ ਲਗਾਤਾਰ ਪਿੰਡ ਵੱਲ ਬਣਿਆ ਹੋਇਆ ਸੀ, ਪਰ ਕੱਲ੍ਹ ਕਾਫੀ ਹੱਦ ਤੱਕ ਰਸਤਾ ਬਦਲਦਾ ਦਿੱਸਿਆ ਅਤੇ ਬੰਨ੍ਹ ਨੂੰ ਲੱਗਦੇ ਖੋਰੇ ਤੋਂ ਕਾਫੀ ਹੱਦ ਤੱਕ ਬਚਾਅ ਰਿਹਾ। ਇਨ੍ਹਾਂ ਪ੍ਰਬੰਧਾਂ ਦੀ ਨਿਗਰਾਨੀ ਖੁਦ ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਵੱਲੋਂ ਹੋ ਰਹੀ ਹੈ। ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਵਲੋਂ ਡਰੇਨੇਜ ਮਹਿਕਮੇ ਨਾਲ ਮਿਲ ਕੇ ਬੰਨ੍ਹ ਨੂੰ ਪੁੱਜ ਰਹੇ ਨੁਕਸਾਨ ਨੂੰ ਰੋਕਣ ਦੇ ਯਤਨ ਕੀਤੇ ਜਾ ਰਹੇ ਹਨ ਤੇ ਹਰ ਸੰਭਵ ਕਦਮ ਉਠਾਏ ਜਾ ਰਹੇ ਹਨ। ਉਨ੍ਹਾਂ ਇਲਾਕਾ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ ਤੇ ਪ੍ਰਸ਼ਾਸਨ ਵੱਲੋਂ ਲੋੜ ਪੈਣ 'ਤੇ ਫੌਜ ਦੀ ਮਦਦ ਵੀ ਲਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਦਰਿਆ ਦਾ ਵਹਿਣ ਬਦਲਣ ਲਈ ਉਹ ਫੌਜ ਦੇ ਸੰਪਰਕ ਵਿੱਚ ਹਨ ਤੇ ਕੱਲ੍ਹ ਫੌਜ ਦੇ ਅਧਿਕਾਰੀਆਂ ਵੱਲੋਂ ਸਥਿਤੀ ਦਾ ਜਾਇਜ਼ਾ ਲਿਆ ਗਿਆ ਹੈ ਤੇ ਜੇ ਲੋੜ ਹੋਈ ਤਾਂ ਇਸ ਕੰਮ 'ਚ ਫੌਜ ਦੀ ਮਦਦ ਲਈ ਜਾਵੇਗੀ।

ਦਰਿਆ ਦੇ ਐਨ ਵਿਚਕਾਰ ਪਿੰਡ ਪੁਆਰੀ ਨੇੜੇ ਰੇਤ ਦਾ ਟਾਪੂ ਬਣਨ ਨਾਲ ਪਾਣੀ ਦਾ ਵਹਾਅ ਸਿੱਧਾ ਹੋਣ ਦੀ ਥਾਂ ਪਿੰਡ ਵੱਲ ਹੋ ਗਿਆ, ਜਿਸ ਕਾਰਨ ਬੰਨ੍ਹ ਨੂੰ ਭਾਰੀ ਨੁਕਸਾਨ ਪੁੱਜਾ ਹੈ ਤੇ ਅਜੇ ਖੋਰਾ ਲੱਗ ਰਿਹਾ ਹੈ, ਪਰ ਡਰੇਨੇਜ ਵਿਭਾਗ ਨੇ ਸਟੱਡ (ਰੋਕਾਂ) ਲਾ ਕੇ ਦਰਿਆ ਦਾ ਵਹਿਣ ਕਾਫੀ ਹੱਦ ਤੱਕ ਬਦਲ ਦਿੱਤਾ ਹੈ, ਪਰ ਜਦ ਤੱਕ ਉਕਤ ਟਾਪੂ ਨੂੰ ਹਟਾਇਆ ਨਹੀਂ ਜਾਂਦਾ, ਤਦ ਤੱਕ ਪਾਣੀ ਦਾ ਵਹਾਅ ਬੰਨ੍ਹ ਨੂੰ ਖੋਰਾ ਲਗਾਉਂਦਾ ਰਹੇਗਾ।

## ਕਰਤਾਰਪੁਰ ਲਾਂਘੇ ਦਾ ਕੰਮ ਛੇ ਦਿਨਾਂ ਤੋਂ ਬੰਦ, ਮੰਤਰੀ ਰੰਧਾਵਾ ਨੇ ਕੌੜ ਕੱਢੀ

ਚੰਡੀਗੜ੍ਹ, 28 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਪਿਛਲੇ ਛੇ ਦਿਨਾਂ ਤੋਂ ਭਾਰਤ ਵੱਲੋਂ ਕਰਤਾਰਪੁਰ ਲਾਂਘੇ ਦਾ ਕੰਮ ਬੰਦ ਪਿਆ ਹੋਣ ਕਾਰਨ ਨਾਰਾਜ਼ਗੀ ਜਤਾਈ ਹੈ। ਉਨ੍ਹਾ ਕਿਹਾ ਕਿ ਲਾਂਘੇ ਦਾ ਕੰਮ ਪਾਕਿਸਤਾਨ ਵੱਲ ਅੱਸੀ ਫੀਸਦੀ ਹੋ ਗਿਆ ਹੈ, ਪਰ ਭਾਰਤ ਵੱਲੋਂ ਹਾਲੇ ਕਾਫੀ ਕੰਮ ਅਧੂਰੇ ਪਏ ਹਨ। ਉਨ੍ਹਾਂ ਕਿਹਾ ਕਿ ਇਸ ਬਾਰੇ ਉਚ ਅਧਿਕਾਰੀਆਂ ਨਾਲ ਗੱਲ ਹੋਈ ਤਾਂ ਉਨ੍ਹਾਂ ਦੱਸਿਆ ਕਿ ਸਟੋਨ ਕਰੈਸ਼ਰ ਬਾਰੇ ਕੁਝ ਵਿਵਾਦ ਕਾਰਨ ਕੰਮ ਲਟਕਿਆ ਹੋਇਆ ਹੈ, ਪਰ ਛੇਤੀ ਹੀ ਇਸ ਦੇ ਕੰਮ ਵਿੱਚ ਤੇਜ਼ੀ ਲਿਆਂਦੀ ਜਾਵੇਗੀ।

ਸੁਖਜਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਕੱਲ੍ਹ ਹੋਈ ਬੈਠਕ ਵਿੱਚ ਸਿਰਫ ਕਰਤਾਰਪੁਰ ਲਾਂਘਾ ਨਹੀਂ, ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਬਾਰੇ ਵੀ ਵਿਸਥਾਰ ਨਾਲ ਚਰਚਾ ਹੋਈ ਹੈ। ਇਸ ਦੌਰਾਨ ਸੁਲਤਾਨਪੁਰ ਲੋਧੀ ਅਤੇ ਡੇਰਾ ਬਾਬਾ ਨਾਨਕ ਦੇ ਬਾਰੇ ਵੀ ਖੁੱਲ੍ਹ ਕੇ ਚਰਚਾ ਹੋਈ ਅਤੇ ਤੈਅ



ਕੀਤਾ ਗਿਆ ਕਿ ਪ੍ਰਕਾਸ਼ ਪੁਰਬ ਦੇ ਵਕਤ 550 ਸ਼ਰਧਾਲੂਆਂ ਦਾ ਜੱਥਾ ਸੁਲਤਾਨਪੁਰ ਲੋਧੀ ਤੋਂ ਡੇਰਾ ਬਾਬਾ ਨਾਨਕ ਜਾਵੇਗਾ, ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਹੋਣ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਨੂੰ ਸੁਲਤਾਨਪੁਰ ਲੋਧੀ ਲਿਆ ਕੇ ਅਖੰਡ ਪਾਠ ਹੋਵੇਗਾ।

ਕੈਬਨਿਟ ਮੰਤਰੀ ਰੰਧਾਵਾ ਨੇ ਕਿਹਾ ਕਿ ਪਾਕਿਸਤਾਨ ਨੇ ਕਰੀਬ 5000 ਸ਼ਰਧਾਲੂਆਂ ਦੇ ਜਥੇ ਵਾਸਤੇ ਮਨਜ਼ੂਰੀ ਦੇ ਦਿੱਤੀ ਹੈ, ਪਰ ਭਾਰਤ ਦੀ ਪੰਜਾਬ ਸਰਕਾਰ ਕਰੀਬ 11000 ਸ਼ਰਧਾਲੂਆਂ ਦਾ ਜਥਾ ਲਿਜਾਣ ਦੀ ਤਿਆਰੀ ਕਰ ਰਹੀ ਹੈ। ਇਸ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਕਿਸਤਾਨ ਸਰਕਾਰ ਨੂੰ ਬੇਨਤੀ ਕੀਤੀ ਹੈ ਕਿ ਜਥੇ ਨੂੰ ਮਨਜ਼ੂਰੀ ਦਿੱਤੀ ਜਾਵੇ ਅਤੇ ਪ੍ਰਕਾਸ਼ ਪੁਰਬ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਸੱਦਾ ਦਿੱਤਾ ਗਿਆ ਹੈ, ਜਿਨ੍ਹਾਂ ਨੇ ਡੇਰਾ ਬਾਬਾ ਨਾਨਕ ਆਉਣਾ ਸਵੀਕਾਰ ਕੀਤਾ ਹੈ।

ਇਸ ਦੌਰਾਨ ਸੁਖਜਿੰਦਰ ਸਿੰਘ ਰੰਧਾਵਾ ਨੇ ਸੁਬਰਾਮਨੀਅਮ ਸਵਾਮੀ ਦੇ ਬਿਆਨ 'ਤੇ ਨਾਰਾਜ਼ਗੀ ਜਤਾਈ ਹੈ, ਜਿਸ ਨੇ ਕਰਤਾਰਪੁਰ ਲਾਂਘੇ ਦਾ ਕੰਮ ਰੋਕਣ ਦੀ ਗੱਲ ਕਹੀ ਸੀ।



## ਕੇਜਰੀਵਾਲ ਸਰਕਾਰ ਨੇ ਦਿੱਲੀ ਵਾਸੀਆਂ ਦੇ ਪਾਣੀ ਬਿਲ ਬਕਾਏ ਮੁਆਫ ਕੀਤੇ



ਨਵੀਂ ਦਿੱਲੀ, 28 ਅਗਸਤ (ਪੋਸਟ ਬਿਊਰੋ)- ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦਿੱਲੀ ਦੇ ਮੁੱਖ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਵਾਸੀਆਂ ਦੇ ਪਾਣੀ ਦੇ ਬਿੱਲਾਂ ਬਕਾਇਆ ਮੁਆਫ ਕਰ ਦਿੱਤਾ ਹੈ।

ਕੱਲ੍ਹ ਇਥੇ ਇਸ ਦਾ ਐਲਾਨ ਕਰਦੇ ਹੋਏ ਕੇਜਰੀਵਾਲ ਨੇ ਕਿਹਾ ਕਿ ਪਾਣੀ ਦੇ ਬਿੱਲ ਤੋਂ ਬਕਾਏ ਹਟਾ ਦਿੱਤੇ ਹਨ ਤੇ ਜਿਨ੍ਹਾਂ ਲੋਕਾਂ ਦੇ ਘਰ ਵਿੱਚ ਫੰਕਸ਼ਨਲ ਮੀਟਰ ਹਨ, ਉਨ੍ਹਾਂ ਸਭ ਨੂੰ ਇਸ ਯੋਜਨਾ ਦਾ ਲਾਭ ਮਿਲੇਗਾ। ਏਰੀਅਰ ਫ੍ਰੀ ਕਰਨ ਦੇ ਪਿੱਛੇ ਦੀ ਕੇਜਰੀਵਾਲ ਇਹ ਕਾਰਨ ਦੱਸਿਆ ਕਿ ਬਕਾਏ ਬਹੁਤ ਜ਼ਿਆਦਾ ਇਕੱਠੇ ਹੋ ਗਏ ਹਨ। ਕਈ ਲੋਕਾਂ ਨੂੰ ਮਹੀਨਿਆਂ ਤੱਕ ਬਿੱਲ ਨਹੀਂ ਮਿਲਦਾ। ਬਿਨਾਂ ਰੀਡਿੰਗ ਦੇ ਬਿੱਲ ਆਉਣ ਦੀ ਸਮੱਸਿਆ ਵੀ ਪਤਾ ਲੱਗੀ ਹੈ। ਅਸੀਂ ਬਿਲਿੰਗ ਦਾ ਨਵਾਂ ਸਿਸਟਮ ਸ਼ੁਰੂ ਕੀਤਾ ਹੈ। ਟੈਬ ਨਾਲ ਮੀਟਰ ਰੀਡਿੰਗ ਲਈ ਜਾਂਦੀ ਹੈ। ਇਸ ਵਿੱਚ ਲੋਕੇਸ਼ਨ 'ਤੇ ਜਾ ਕੇ ਰੀਡਿੰਗ ਲੈਣੀ ਹੁੰਦੀ ਹੈ। ਨਵੀਂ ਤਕਨੀਕ ਨਾਲ ਕਈ ਪੁਰਾਣੇ ਬਿੱਲ ਸਾਹਮਣੇ ਆਏ ਹਨ। ਇਸ ਲਈ ਅੱਜ ਅਸੀਂ ਏਰੀਅਰ ਨੂੰ ਮੁਕਤ ਕਰਨ ਦੀ ਐਲਾਨ ਕਰ ਰਹੇ ਹਾਂ। ਕੇਜਰੀਵਾਲ ਨੇ ਦੱਸਿਆ ਕਿ ਇਹ ਯੋਜਨਾ 30 ਨਵੰਬਰ ਤੱਕ ਲਾਗੂ ਰਹੇਗੀ। ਘਰ ਵਿੱਚ ਫੰਕਸ਼ਨਲ ਮੀਟਰ ਲਵਾਉਣ ਵਾਲਿਆਂ ਨੂੰ ਇਸ ਦਾ ਲਾਭ ਮਿਲੇਗਾ। ਇਸ ਵਿੱਚ ਏ, ਬੀ ਕੈਟਾਗਰੀ ਦਾ 25 ਫੀਸਦੀ ਬਿੱਲ ਮੁਆਫ ਹੋਵੇਗਾ ਅਤੇ ਸੀ ਕੈਟਾਗਰੀ ਦਾ ਪੰਜਾਹ ਫੀਸਦੀ ਮੁਆਫ ਹੋਵੇਗਾ। ਈ, ਐਫ ਜੀ, ਐਚ ਕੈਟਾਗਰੀ ਦੇ ਲੋਕਾਂ ਲਈ 100 ਫੀਸਦੀ ਬਿੱਲ 31 ਮਾਰਚ ਤੱਕ ਮੁਆਫ ਕਰ ਦਿੱਤੇ ਜਾਣਗੇ।

# ਸਰਕਾਰ ਵੱਲੋਂ ਰਿਜ਼ਰਵ ਬੈਂਕ ਦੇ ਭੰਡਾਰਾਂ ਨੂੰ ਹੱਥ ਪਾਉਣਾ ਤਬਾਹ ਕਰ ਦੇਵੇਗਾ



ਨਵੀਂ ਦਿੱਲੀ, 28 ਅਗਸਤ (ਪੋਸਟ ਬਿਊਰੋ)- ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਵੱਲੋਂ ਆਪਣੇ ਭੰਡਾਰਾਂ 'ਚੋਂ ਕੇਂਦਰ ਸਰਕਾਰ ਨੂੰ 1.76 ਲੱਖ ਕਰੋੜ ਰੁਪਏ ਦੇਣ ਦੇ ਐਲਾਨ ਤੋਂ ਇਕ ਦਿਨ ਮਗਰੋਂ ਕਾਂਗਰਸ ਨੇ ਕੇਂਦਰੀ ਬੈਂਕ ਦੇ ਇਸ ਫੈਸਲੇ ਨੂੰ 'ਵਿਨਾਸ਼ਕਾਰੀ' ਕਰਾਰ ਦਿੱਤਾ ਹੈ। ਮੁੱਖ ਵਿਰੋਧੀ ਧਿਰ ਕਾਂਗਰਸ ਨੇ ਦੋਸ਼ ਲਾਇਆ ਕਿ ਮੋਦੀ ਸਰਕਾਰ ਦੇਸ਼ ਦੇ ਅਰਥਚਾਰੇ ਨੂੰ ਕੰਗਾਲੀ ਅਤੇ ਆਰਥਿਕ ਐਮਰਜੈਂਸੀ ਵੱਲ ਧੱਕ ਰਹੀ ਹੈ।

ਪਾਰਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਤੇ ਆਨੰਦ ਸ਼ਰਮਾ ਸਮੇਤ ਕਈ ਕਾਂਗਰਸੀ ਆਗੂਆਂ ਨੇ ਇਸ ਪੇਸ਼ਕਦਮੀ ਲਈ ਭਾਜਪਾ ਸਰਕਾਰ ਦੀ ਨਿੰਦਾ ਕੀਤੀ ਹੈ। ਇਥੇ ਪਾਰਟੀ ਹੈਡਕੁਆਰਟਰ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਸੀਨੀਅਰ ਕਾਂਗਰਸ ਆਗੂ ਆਨੰਦ ਸ਼ਰਮਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਰਿਜ਼ਰਵ ਬੈਂਕ ਨੂੰ ਉਹਦੇ ਰਾਖਵੇਂ ਭੰਡਾਰਾਂ ਤੋਂ ਵਾਂਝੇ ਕਰਕੇ ਕੇਂਦਰੀ ਬੈਂਕ ਨੂੰ ਵਿਨਾਸ਼ ਕੰਢੇ ਲਿਆ ਖੜਾ ਕੀਤਾ ਹੈ। ਉਨ੍ਹਾਂ ਕਿਹਾ ਕਿ ਆਰ ਬੀ ਆਈ ਕੋਲ ਰਾਖਵੇਂ ਭੰਡਾਰਾਂ ਦੇ ਰੂਪ ਵਿੱਚ ਪਿਆ ਪੈਸਾ, ਜਿਸ ਨੂੰ ਕੰਟੀਜੈਂਸੀ ਰਿਸਕ ਬਫਰ (ਸੀ ਆਰ ਬੀ) ਕਿਹਾ ਜਾਂਦਾ ਹੈ, ਹੰਗਾਮੀ ਹਾਲਾਤ ਵਾਸਤੇ ਹੁੰਦਾ ਹੈ, ਇਸ ਨੂੰ ਸਰਕਾਰ ਦੀਆਂ ਆਰਥਿਕ ਨਾਕਾਮੀਆਂ ਢੱਕਣ ਲਈ ਨਹੀਂ ਵਰਤਿਆ ਜਾਣਾ ਚਾਹੀਦਾ। ਸ਼ਰਮਾ ਨੇ ਕਿਹਾ ਕਿ ਸਰਕਾਰ ਇਕ ਹਫਤੇ ਅੰਦਰ ਭਾਰਤੀ ਅਰਥਚਾਰੇ ਦੇ ਹਾਲਾਤ ਬਾਰੇ ਸਫੈਦ ਪੇਪਰ ਜਾਰੀ ਕਰੇ। ਉਨ੍ਹਾਂ ਕਿਹਾ ਕਿ ਉਸਾਰੀ ਅਧੀਨ ਪ੍ਰਾਜੈਕਟਾਂ ਅਤੇ ਨਿੱਜੀ ਤੇ ਸਰਕਾਰੀ ਖੇਤਰਾਂ ਵਿੱਚ ਨਿਵੇਸ਼ ਤੇ ਫੈਕਟਰੀ ਆਊਟਪੁੱਟ ਬਾਰੇ ਅੰਕੜੇ ਵੀ ਦੱਸੇ ਜਾਣ।

ਕਾਂਗਰਸੀ ਆਗੂ ਨੇ ਕਿਹਾ ਕਿ ਉਨ੍ਹਾਂ ਮੁਤਾਬਕ ਸਰਕਾਰੀ ਬਜਟ ਅਤੇ ਆਰਥਿਕ ਸਰਵੇਖਣ ਵਿੱਚ 1.7 ਲੱਖ ਕਰੋੜ ਰੁਪਏ ਦਾ ਫਰਕ ਹੈ ਤੇ ਮੋਦੀ ਸਰਕਾਰ ਨੇ ਕੇਂਦਰੀ ਬੈਂਕ ਤੋਂ 1.76 ਲੱਖ ਕਰੋੜ ਰੁਪਏ ਲਏ ਹਨ। ਉਨ੍ਹਾਂ ਕਿਹਾ, 'ਸਰਕਾਰ ਨੇ ਗਲਤ ਬਜਟ ਬਣਾਇਆ ਸੀ, ਜੋ ਘਾਟੇ ਵਿੱਚ ਹੈ। ਇਹੀ ਵਜ੍ਹਾ ਹੈ ਕਿ ਉਹ ਆਰ ਬੀ ਆਈ ਤੋਂ ਪੈਸਾ ਖੋਹ ਰਹੀ ਹੈ ਅਤੇ ਦੇਸ਼ ਨੂੰ ਆਰਥਿਕ ਐਮਰਜੈਂਸੀ ਵੱਲ ਧੱਕਿਆ ਜਾ ਰਿਹੈ। ਸ਼ਰਮਾ ਨੇ ਕਿਹਾ ਕਿ ਆਰ ਬੀ ਆਈ ਕੋਲ ਅਰਥਚਾਰੇ ਨਾਲ ਜੁੜੇ ਕਿਸੇ ਵੀ ਸੰਭਾਵੀ ਖੇਤਰ ਦੇ ਟਾਕਰੇ ਲਈ ਪੈਸਾ ਨਹੀਂ ਰਿਹਾ, ਕਿਉਂਕਿ ਉਹ ਰਾਖਵੇਂ ਭੰਡਾਰਾਂ ਦੇ 5.5 ਫੀਸਦੀ ਮਾਪਦੰਡ ਤੋਂ ਹੋਰ ਹੇਠਾਂ ਨਹੀਂ ਜਾ ਸਕਦਾ। ਭਾਰਤ ਦੀ ਜੀ ਡੀ ਪੀ ਲਗਾਤਾਰ ਡਿੱਗ ਰਹੀ ਹੈ ਤੇ ਵਿਕਾਸ ਦੇ ਸਾਰੇ ਸੂਚਕ ਵੀ ਨਿਘਾਰ ਵੱਲ ਹਨ। ਭਾਰਤ ਗੰਭੀਰ ਆਰਥਿਕ ਸੰਕਟ ਵਿੱਚ ਹੈ।

## ਜੰਮੂ ਕਸ਼ਮੀਰ ਤੇ ਲੱਦਾਖ 31 ਅਕਤੂਬਰ ਨੂੰ ਕਾਇਮ ਹੋ ਜਾਣਗੇ

ਨਵੀਂ ਦਿੱਲੀ, 28 ਅਗਸਤ (ਪੋਸਟ ਬਿਊਰੋ)- ਕੇਂਦਰ ਸਰਕਾਰ ਦੇ ਵੱਡੇ ਅਧਿਕਾਰੀਆਂ ਨੇ ਜੰਮੂ ਕਸ਼ਮੀਰ ਨੂੰ ਦੋ ਹਿੱਸਿਆਂ ਵਿੱਚ ਵੰਡਣ ਦੀ ਕੋਸ਼ਿਸ਼ ਨੂੰ ਸਿਰੇ ਲਾਉਣਿ ਦੇ ਢੰਗਾਂ ਅਤੇ ਜਾਇਦਾਦ ਅਤੇ ਮੁਲਾਜ਼ਮਾਂ ਦੀ ਵੰਡ ਬਾਰੇ ਚਰਚਾ ਲਈ ਬੈਠਕ ਕੀਤੀ ਹੈ, ਜਿਸ ਦੀ ਅਗਵਾਈ ਕੇਂਦਰੀ ਗ੍ਰਹਿ ਸਕੱਤਰ ਏ ਕੇ ਭੱਲਾ ਨੇ ਕੀਤੀ। ਮੀਟਿੰਗ ਵਿੱਚ ਜੰਮੂ ਕਸ਼ਮੀਰ ਪੁਨਰਗਠਨ ਕਾਨੂੰਨ 2019 ਮੁਤਾਬਕ ਅੱਗੇ ਵਧਣ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ।

ਇਸ ਸੰਬੰਧ ਵਿੱਚ ਗ੍ਰਹਿ ਮੰਤਰਾਲੇ ਦੇ ਅਫਸਰਾਂ ਨੇ ਦੱਸਿਆ ਕਿ ਜੰਮੂ ਕਸ਼ਮੀਰ ਵਿੱਚ ਇਸ ਵੇਲੇ ਰਾਸ਼ਟਰਪਤੀ ਰਾਜ ਲਾਗੂ ਹੈ, ਇਸ ਲਈ ਕਾਨੂੰਨ ਲਾਗੂ ਕਰਨ ਦੀ ਸਾਰੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੈ ਜਿਸ ਤਹਿਤ ਦੋ ਕੇਂਦਰੀ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ ਅਤੇ ਲੱਦਾਖ 31 ਅਕਤੂਬਰ ਨੂੰ ਹੋਂਦ ਵਿੱਚ ਆ ਜਾਣਗੇ। ਕੇਂਦਰੀ ਖਜ਼ਾਨਾ, ਖੇਤੀ, ਪੇਂਡੂ ਵਿਕਾਸ, ਉਦਯੋਗ ਸਮੇਤ ਵੱਡੇ ਮੰਤਰਾਲਿਆਂ ਅਤੇ ਵਿਭਾਗਾਂ ਦੇ 15 ਤੋਂ ਵੱਧ ਸਕੱਤਰ ਕੱਲ੍ਹ ਇਸ ਬੈਠਕ ਵਿੱਚ ਸ਼ਾਮਲ ਹੋਏ ਤਾਂ ਇਸ ਦੇ ਬਾਅਦ ਅਧਿਕਾਰੀਆਂ ਨੇ ਦੱਸਿਆ ਕਿ ਬੈਠਕ ਵਿੱਚ ਵਿਕਾਸ ਪ੍ਰੋਗਰਾਮ ਅਤੇ ਜਾਇਦਾਦਾਂ ਤੇ ਮੁਲਾਜ਼ਮਾਂ ਦੀ ਵੰਡ ਇਸ ਚਰਚਾ ਦਾ ਮੁੱਖ ਵਿਸ਼ਾ ਸਨ। ਕੇਂਦਰੀ ਅਧਿਕਾਰੀਆਂ ਦੀਆਂ ਕੁਝ ਟੀਮਾਂ ਸ੍ਰੀਨਗਰ ਦਾ ਦੌਰਾ ਕਰ ਚੁੱਕੀਆਂ ਹਨ, ਜਦ ਕਿ ਜਾਇੰਟ ਸਕੱਤਰ ਅਤੇ ਸਕੱਤਰ ਪੱਧਰ ਦੀਆਂ ਕੁਝ ਟੀਮਾਂ ਦੇ ਅਗਲੇ ਹਫਤਿਆਂ ਵਿੱਚ ਕਸ਼ਮੀਰ ਘਾਟੀ ਦਾ ਦੌਰਾ ਕਰਨ ਦੀ ਆਸ ਹੈ। ਇੱਕ ਹੋਰ ਅਧਿਕਾਰੀ ਨੇ ਦੱਸਿਆ ਕਿ ਕੇਂਦਰ ਸਰਕਾਰ ਗਵਰਨਰ ਸਤਿਪਾਲ ਮਲਿਕ ਦੁਆਰਾ ਐਲਾਨੀਆਂ ਗਈਆਂ 85 ਵਿਕਾਸ ਯੋਜਨਾਵਾਂ ਦੇ ਲਾਗੂ ਕਰਨ ਵਿੱਚ ਜੰਮੂ ਕਸ਼ਮੀਰ ਪ੍ਰਸ਼ਾਸਨ ਦੀ ਮਦਦ ਕਰੇਗੀ। ਜੰਮੂ ਕਸ਼ਮੀਰ ਪ੍ਰਸ਼ਾਸਨ ਨੇ ਵੰਡ ਬਾਰੇ ਕੰਮ ਕਰਨ ਲਈ ਤਿੰਨ ਕਮੇਟੀਆਂ ਬਣਾਈਆਂ ਹਨ।

# ਕਾਂਗਰਸ ਨੇ ਮੋਦੀ ਦੇ ਪ੍ਰਸ਼ੰਸਾ ਕਾਰਨ ਵਾਲੇ ਲੀਡਰਾਂ ਤੋਂ ਜਵਾਬ ਮੰਗ ਲਿਆ



ਨਵੀਂ ਦਿੱਲੀ, 28 ਅਗਸਤ (ਪੋਸਟ ਬਿਊਰੋ)- ਕਾਂਗਰਸ ਨੇ ਸੁਖਾਵੀਂ ਸਿਆਸਤ ਦੀ ਪੈਰੋਕਾਰੀ ਦਾ ਹਵਾਲਾ ਦੇ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਸ਼ੰਸਾ ਕਰਨ ਵਾਲੇ ਜੈਰਾਮ ਰਮੇਸ਼, ਸ਼ਸ਼ੀ ਥਰੂਰ ਅਤੇ ਅਭਿਸ਼ੇਕ ਮਨੂ ਸਿੰਘਵੀ ਵਰਗੇ ਆਪਣੇ ਬਹੁਤ ਸਾਰੇ ਨੇਤਾਵਾਂ ਨੂੰ ਨਸੀਹਤ ਦਿੱਤੀ ਅਤੇ ਕਿਹਾ ਕਿ ਸਕਾਰਾਤਮਕ ਸਿਆ-ਸਤ ਦੀ ਗੱਲ ਕਰਨ ਵਾਲਿਆਂ ਨੂੰ ਇਸ 'ਤੇ ਵੀ ਵਿਚਾਰ ਕਰਨੀ ਚਾਹੀਦੀ ਹੈ ਕਿ ਕਿਵੇਂ ਪੰਡਿਤ ਜਵਾਹਰ ਲਾਲ ਨਹਿਰੂ ਬਾਰੇ ਇੰਦਰਾ ਗਾਂਧੀ ਵਰਗੇ ਨੇਤਾਵਾਂ ਦੇ ਅਕਸ ਖਰਾਬ ਕਰਨ ਦਾ ਭਾਜਪਾ ਲੀਡਰਸ਼ਿਪ ਵਲੋਂ ਯਤਨ ਹੋ ਰਿਹਾ ਹੈ।

ਪ੍ਰਧਾਨ ਮੰਤਰੀ ਮੋਦੀ ਦੀ ਪ੍ਰਸ਼ੰਸਾ ਕਰਨ ਬਦਲੇ ਕੇਰਲ ਕਾਂਗਰਸ ਵੱਲੋਂ ਸ਼ਸ਼ੀ ਥਰੂਰ ਨੂੰ ਨੋਟਿਸ ਜਾਰੀ ਕੀਤੇ ਜਾਣ ਦੇ ਸਵਾਲ ਦਾ ਜਵਾਬ ਦੇਣ ਦੀ ਲੜੀ ਵਿੱਚ ਪਾਰਟੀ ਦੇ ਬੁਲਾਰੇ ਆਨੰਦ ਸ਼ਰਮਾ ਨੇ ਆਪਣੇ ਨੇਤਾਵਾਂ ਤੋਂ ਸਪਸ਼ਟੀਕਰਨ ਮੰਗ ਲਿਆ ਹੈ। ਉਨ੍ਹਾਂ ਕਿਹਾ ਕਿ ਕੇਰਲ ਸੂਬਾ ਕਾਂਗਰਸ ਨੂੰ ਆਪਣੇ ਨੇਤਾਵਾਂ ਤੋਂ ਪੁੱਛਣ ਤੇ ਨੋਟਿਸ ਦੇਣ ਦਾ ਅਧਿਕਾਰ ਹੈ, ਪਰ ਇਸ 'ਤੇ ਕੋਈ ਟਿੱਪਣੀ ਇਸ ਮਸਲੇ ਦੇ ਇੰਚਾਰਜ ਜਨਰਲ ਸਕੱਤਰ ਮੁਕੁਲ ਵਾਸਨਿਕ ਹੀ ਕਰਨਗੇ। ਉਨ੍ਹਾ ਕਿਹਾ ਕਿ ਉਹ ਸੁਖਾਵੀਂ ਸਿਆਸਤ ਦੀ ਗੱਲ ਕਰਨ ਵਾਲਿਆਂ ਤੋਂ ਇਹ ਜ਼ਰੂਰ ਪੁੱਛਣਗੇ ਕਿ ਜਦੋਂ ਪ੍ਰਧਾਨ ਮੰਤਰੀ ਤੇ ਭਾਜਪਾ ਪ੍ਰਧਾਨ ਸਮੇਤ ਉਸ ਦੀ ਪੂਰੀ ਲੀਡਰਸ਼ਿਪ ਪੰਡਿਤ ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ ਅਤੇ ਸੋਨੀਆ ਗਾਂਧੀ ਤੱਕ ਬਾਰੇ ਇਤਰਾਜ਼ ਯੋਗ ਤੇ ਨਫਰਤ ਪੈਦਾ ਕਰਨ ਵਾਲੀ ਟਿੱਪਣੀ ਕਰਦੇ ਰਹਿੰਦੇ ਹਨ ਤਾਂ ਕਿ ਉਹ ਸਕਾਰਾਤਮਕ ਸਿਆਸਤ ਹੈ। ਸੀਨੀਅਰ ਕਾਂਗਰਸ ਨੇਤਾ ਕਪਿਲ ਸਿੱਬਲ ਨੇ ਵੀ ਬੀਤੇ ਦਿਨੀਂ ਟਵੀਟ ਜ਼ਰੀਏ ਪਾਰਟੀ ਲਾਈਨ ਤੋਂ ਇਲਾਵਾ ਪੀ ਐਮ ਮੋਦੀ ਦੀ ਪ੍ਰਸ਼ੰਸਾ ਕਰਨ ਵਾਲੇ ਕਾਂਗਰਸੀ ਨੇਤਾਵਾਂ ਨੂੰ ਲੰਬੇ ਹੱਥੀਂ ਲੈਂਦਿਆਂ ਇਹੀ ਸਵਾਲ ਕੀਤੇ ਸਨ।

# ਤਿੰਨ ਤਲਾਕ ਦਾ ਕਾਨੂੰਨ ਬਣਨ ਪਿੱਛੋਂ ਕਈ ਔਰਤਾਂ ਨੇ ਕੇਸ ਕੀਤੇ



ਲਖਨਊ, 28 ਅਗਸਤ (ਪੋਸਟ ਬਿਊਰੋ)- ਖੜੇ ਪੈਰ ਤਿੰਨ ਤਲਾਕ ਦੇਣ ਦੇ ਵਿਰੁੱਧ ਕਾਨੂੰਨ ਬਣਨ ਪਿੱਛੋਂ ਇਕੱਲੇ ਉਤਰ ਪ੍ਰਦੇਸ਼ ਵਿੱਚ ਨਵੀਂ ਤਸਵੀਰ ਸਾਹਮਣੇ ਆਈ ਹੈ। ਮੁਸਲਿਮ ਮਹਿਲਾਵਾਂ ਨੇ ਮਿਲੀ ਇਸ ਕਾਨੂੰਨੀ ਤਾਕਤ ਦੀ ਵਰਤੋਂ ਸ਼ੁਰੂ ਕਰ ਦਿੱਤੀ ਹੈ ਅਤੇ ਸੂਬੇ ਦੇ ਵੱਖ-ਵੱਖ ਥਾਣਿਆਂ ਵਿੱਚ ਤਿੰਨ ਤਲਾਕ ਦੇ 216 ਤੋਂ ਵੱਧ ਕੇਸ ਦਰਜ ਹੋ ਗਏ ਹਨ। ਏਦਾਂ ਦੇ ਤਿੰਨ ਤਲਾਕ ਦੇ ਇਨ੍ਹਾਂ ਵਿਚ ਸਭ ਤੋਂ ਵੱਧ ਕੇਸ ਦਰਜ ਕਰਵਾਏ ਗਏ ਹਨ।

ਮਿਲੀ ਜਾਣਕਾਰੀ ਅਨੁਸਾਰ ਮੁਸਲਿਮ ਔਰਤਾਂ ਘਰੇਲੂ ਹਿੰਸਾ ਅਤੇ ਅਤਿਆਚਾਰ ਦੇ ਖਿਲਾਫ ਇਸ ਤਾਕਤ ਦੀ ਪੂਰੀ ਵਰਤੋਂ ਕਰ ਰਹੀਆਂ ਹਨ, ਪਰ ਇਨ੍ਹਾਂ ਕੇਸਾਂ ਵਿੱਚ ਦੋਸ਼ੀਆਂ ਦੇ ਖਿਲਾਫ ਪੁਲਸ ਕਾਰਵਾਈ ਦੀ ਰਫਤਾਰ ਸੁਸਤ ਹੈ। ਇੱਕ ਸੀਨੀਅਰ ਅਧਿਕਾਰੀ ਦੇ ਅਨੁਸਾਰ ਇੱਕ ਤੋਂ 21 ਅਗਸਤ ਦਰਮਿਆਨ ਸੂਬੇ ਵਿੱਚ ਮੁਸਲਿਮ ਮਹਿਲਾ (ਵਿਆਹ ਅਧਿਕਾਰ ਸੁਰੱਖਿਆ ਐਕਟ 2019) ਦੇ ਤਹਿਤ 216 ਕੇਸ ਦਰਜ ਕਰਾਏ ਗਏ ਹਨ। ਇਨ੍ਹਾਂ ਵਿੱਚ ਸਭ ਤੋਂ ਵੱਧ ਸ਼ਿਕਾਇਤਾਂ ਦਾਜ ਲਈ ਤੰਗ ਕਰਨ ਅਤੇ ਕੁੱਟਮਾਰ ਬਾਰੇ ਹਨ। ਮੇਰਠ ਵਿੱਚ ਤਿੰਨ ਤਲਾਕ ਦੇ ਸਭ ਤੋਂ ਵੱਧ 26 ਕੇਸ ਦਰਜ ਹੋਏ ਹਨ, ਜਦ ਕਿ ਸਹਾਰਨਪੁਰ ਵਿੱਚ 17 ਅਤੇ ਸ਼ਾਮਲੀ ਵਿੱਚ 10 ਕੇਸ ਦਰਜ ਹੋਏ ਹਨ। ਪੱਛਮੀ ਉੱਤਰ ਪ੍ਰਦੇਸ਼ ਦੇ ਇਹ ਤਿੰਨੇ ਸ਼ਹਿਰ ਮੁਸਲਿਮ ਬਹੁ-ਗਿਣਤੀ ਵਾਲੇ ਹਨ। ਪੂਰਬੀ ਉੱਤਰ ਪ੍ਰਦੇਸ਼ ਵਿੱਚ ਸਭ ਤੋਂ ਵੱਧ 10 ਕੇਸ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪਾਰਲੀਮੈਂਟਰੀ ਖੇਤਰ ਵਾਰਾਣਸੀ ਵਿੱਚ ਦਰਜ ਹੋਏ ਹਨ। ਦੱਸਿਆ ਗਿਆ ਹੈ ਕਿ ਦੋ-ਤਿੰਨ ਕੇਸਾਂ ਵਿੱਚ ਪੁਲਸ ਨੇ ਦੋਸ਼ੀਆਂ ਦੀ ਗ੍ਰਿਫਤਾਰੀ ਕੀਤੀ ਹੈ। ਡੀ ਜੀ ਪੀ ਹੈੱਡਕੁਆਰਟਰ ਤੋਂ ਇਨ੍ਹਾਂ ਕੇਸਾਂ ਵਿੱਚ ਕੀਤੀ ਕਾਰਵਾਈ ਦੀ ਨਿਗਰਾਨੀ ਵੀ ਕਰਾਈ ਜਾ ਰਹੀ ਹੈ। ਉੱਤਰ ਪ੍ਰਦੇਸ਼ ਪੁਲਸ ਦੇ ਮੁਖੀ ਓ ਪੀ ਸਿੰਘ ਨੇ ਇਸ ਕਾਨੂੰਨ ਦੀ ਸਖਤੀ ਨਾਲ ਪਾਲਣਾ ਦਾ ਹੁਕਮ ਦਿੱਤਾ ਸੀ।

## ਕੁੜੀਆਂ ਦੇ ਮੋਬਾਈਲ ਤੇ ਵਿਆਹ ਵਿੱਚ ਡਾਂਸ ਕਰਨ ਉੱਤੇ ਪਾਬੰਦੀ

ਮਧੂਬਨੀ, 28 ਅਗਸਤ (ਪੋਸਟ ਬਿਊਰੋ)- ਸਮੇਂ ਸਮੇਂ ਵੱਖ-ਵੱਖ ਪੰਚਾਇਤਾਂ ਦੇ ਤੁਗਲਕੀ ਫਰਮਾਨ ਆਉਂਦੇ ਹਨ। ਇਸ ਵਾਰ ਬਿਹਾਰ ਦੇ ਮਧੂਬਨੀ ਜ਼ਿਲ੍ਹੇ ਦੀ ਇੱਕ ਪੰਚਾਇਤ ਨੇ ਫਰਮਾਨ ਜਾਰੀ ਕੀਤਾ ਹੈ ਕਿ ਕੁਆਰੀਆਂ ਕੁੜੀਆਂ ਮੋਬਾਈਲ ਨਹੀਂ ਰੱਖ ਸਕਦੀਆਂ। ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪਿੰਡ ਦੀ ਕੋਈ ਕੁੜੀ ਮੋਬਾਈਲ ਉਤੇ ਗੱਲ ਵੀ ਨਹੀਂ ਕਰੇਗੀ ਅਤੇ ਉਹ ਸ਼ਾਮ ਤੋਂ ਪਹਿਲਾਂ ਘਰ ਪਰਤ ਆਏਗੀ।

21ਵੀਂ ਸਦੀ 'ਚ ਪੰਚਾਇਤ ਦੇ ਇਸ ਫਰਮਾਨ 'ਤੇ ਸੋਸ਼ਲ ਮੀਡੀਆ 'ਤੇ ਲੋਕਾਂ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਇਹ ਬਾਸੋਪੱਟੀ ਬਲਾਕ ਦੇ ਹਤਬਾਰਪੁਰ ਪਰਸਾ ਵਿੱਚ ਸੋਮਵਾਰ ਸ਼ਾਮ ਨੂੰ ਪੰਚਾਇਤ ਨੇ ਇਹ ਹੁਕਮ ਦਿੱਤਾ ਕਿ ਪਿੰਡ ਦੀ ਕੋਈ ਵੀ ਕੁੜੀ ਜਾਂ ਔਰਤ ਸ਼ਾਮ ਅੱਠ ਵਜੇ ਤੋਂ ਬਾਅਦ ਖੇਤਾਂ ਵਿੱਚ ਨਹੀਂ ਜਾਏਗੀ। ਪੰਚ-ਾਇਤ ਦੇ ਸਰਪੰਚ ਯੋਗੇਂਦਰ ਮੰਡਲ ਨੇ ਕਿਹਾ ਕਿ ਸਾਰੇ ਲੋਕਾਂ ਦੀਆਂ ਵੋਟਾਂ ਨਾਲ ਇਹ ਫੈਸਲਾ ਲਿਆ ਗਿਆ ਹੈ ਕਿ ਕੁਆਰੀਆਂ ਕੁੜੀਆਂ ਨੂੰ ਮੋਬਾਈਲ ਫੋਨ ਦੀ ਵਰਤੋਂ ਨਹੀਂ ਕਰਨ ਦਿੱਤੀ ਜਾਵੇਗੀ। ਲੋੜ ਪੈਣ 'ਤੇ ਉਹ ਪਰਵਾਰ ਦੇ ਕਿਸੇ ਮੈਂਬਰ ਦੀ ਹਾਜ਼ਰੀ ਵਿੱਚ ਗੱਲ ਕਰ ਸਕਦੀਆਂ ਹਨ। ਪੰਚਾਇਤ ਨੇ ਇਹ ਵੀ ਕਿਹਾ ਕਿ ਕਿਸੇ ਪ੍ਰੋਗਰਾਮ ਵਿੱਚ ਕੋਈ ਵੀ ਔਰਤ ਜਾਂ ਕੁੜੀ ਡਾਂਸ ਕਰਦੇ ਹੋਏ ਦਿਸੀ ਤਾਂ ਉਸ ਦਾ ਸਮਾਜਕ ਬਾਈਕਾਟ ਕੀਤਾ ਜਾਏਗਾ।

## ਮਹਿਲਾ ਬਣ ਕੇ ਪੁਲਸ ਅਫਸਰਾਂ ਦੀਆਂ ਬੀਵੀਆਂ ਨੂੰ ਨਿਊਡ ਵੀਡੀਓ ਕਾਲ ਕਰਦਾ ਰਿਹਾ



ਲਖਨਊ, 28 ਅਗਸਤ (ਪੋਸਟ ਬਿਊਰੋ)- ਇੱਕ ਆਦਮੀ ਨੇ ਔਰਤ ਬਣ ਕੇ ਪਹਿਲਾਂ ਫੇਸਬੁਕ 'ਤੇ ਸਰਕਾਰੀ ਅਫਸਰਾਂ ਦੀਆਂ ਪਤਨੀਆਂ ਨਾਲ ਦੋਸਤੀ ਕੀਤੀ ਅਤੇ ਇਤਰਾਜ਼ ਯੋਗ ਕਾਲ ਕਰ ਕੇ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ। ਪੁਲਸ ਨੇ ਅਣਪਛਾਤੇ ਦੋਸ਼ੀ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ, ਜਿਸ ਨੇ ਫੇਸਬੁਕ 'ਤੇ ਆਪਣੀ ਪ੍ਰੋਫਾਈਲ ਸਾਕਸ਼ੀ ਪਟੇਲ ਦੇ ਨਾਂਅ ਨਾਲ ਬਣਾਈ ਹੈ। ਇਸ ਕੇਸ ਨੂੰ ਸਾਈਬਰ ਸੈੱਲ ਵਿੱਚ ਭੇਜ ਦਿੱਤਾ ਗਿਆ ਹੈ।

ਇੱਕ ਅਧਿਕਾਰੀ ਦੀ ਪਤਨੀ ਵੱਲੋਂ ਦਾਇਰ ਸ਼ਿਕਾਇਤ ਮੁਤਾਬਕ ਫੇਸਬੁਕ 'ਤੇ 19 ਅਗਸਤ ਨੂੰ ਸਾਕਸ਼ੀ ਪਟੇਲ ਦੇ ਨਾਂਅ ਤੋਂ ਉਨ੍ਹਾਂ ਨੂੰ ਰਿਕਵੈਸਟ ਆਈ, ਜਿਸ ਨੂੰ ਉਨ੍ਹਾਂ ਨੇ ਐਕਸੈਪਟ ਕਰ ਲਿਆ। ਅਗਲੇ ਦਿਨ ਸਾਕਸ਼ੀ ਪਟੇਲ ਨੇ ਉਨ੍ਹਾਂ ਹਾਏ ਲਿਖ ਕੇ ਭੇਜਿਆ ਜਿਸ ਦੇ ਜਵਾਬ ਵਿੱਚ ਉਨ੍ਹਾਂ ਨੇ ਭਗਵਾਨ ਦੀ ਤਸਵੀਰ ਨਾਲ ਗੁਡ ਮਾਰਨਿੰਗ ਲਿਖ ਦਿੱਤਾ। ਉਸੇ ਰਾਤ ਮੁਸੀਬਤ ਸ਼ੁਰੂ ਹੋਈ, ਜਦ ਮੈਸੇਂਜਰ 'ਤੇ ਸਾਕਸ਼ੀ ਪਟੇਲ ਵੱਲੋਂ ਉਨ੍ਹਾਂ ਨੂੰ ਕਾਲ ਆਉਣਾ ਸ਼ੁਰੂ ਹੋਇਆ ਅਤੇ ਉਨ੍ਹਾਂ ਨੂੰ ਪਤਾ ਲੱਗਾ ਕਿ ਸਾਕਸ਼ੀ ਪਟੇਲ ਮਹਿਲਾ ਨਹੀਂ, ਮਰਦ ਹੈ ਅਤੇ ਫੇਸਬੁਕ 'ਤੇ ਉਸ ਨੇ ਫੇਕ ਪ੍ਰੋਫਾਈਲ ਬਣਾਇਆ ਹੈ। ਸ਼ਿਕਾਇਤ ਕਰਤਾ ਨੇ ਕਿਹਾ, ਉਹ ਸਹੀ ਹਾਲਤ ਵਿੱਚ ਨਹੀਂ ਸੀ ਅਤੇ ਮੈਂ ਤੁਰੰਤ ਕਾਲ ਕੱਟ ਦਿੱਤਾ। ਇਸ ਪਿੱਛੋਂ ਦੋਸ਼ੀ ਉਨ੍ਹਾਂ ਦੇ ਫੇਸਬੁਕ ਪੇਜ 'ਤੇ ਇਤਰਾਜ਼ ਯੋਗ ਸੰਦੇਸ਼ ਪੋਸਟ ਕਰਨ ਲੱਗਾ ਅਤੇ ਉਸ ਨੇ ਕਿਹਾ ਕਿ ਉਸ ਕੋਲ ਉਨ੍ਹਾਂ ਦੇ ਵੀਡੀਓ ਕਾਲ ਦਾ ਸਕ੍ਰੀਨਸ਼ਾਟ ਹੈ ਅਤੇ ਜੇ ਉਨ੍ਹਾਂ ਨੇ ਉਸ ਨਾਲ ਗੱਲ ਨਾ ਕੀਤੀ ਤਾਂ ਉਹ ਉਨ੍ਹਾਂ ਦੀਆਂ ਤਸਵੀਰਾਂ ਨੂੰ ਮਾਰਫ (ਬਦਲ ਕੇ ਜਾਂ ਵਿਗਾੜ ਕੇ) ਕਰ ਕੇ ਉਨ੍ਹਾਂ ਨੂੰ ਵਾਇਰਲ ਕਰ ਦੇਵੇਗਾ। ਉਸ ਨੇ ਵੀਡੀਓ ਕਾਲ ਵੀ ਕੀਤੇ ਜਿਸ ਵਿੱਚ ਉਹ ਬਿਲਕੁਲ ਨਗਨ ਸੀ। ਇੱਕ ਹੋਰ ਅਧਿਕਾਰੀ ਦੀ ਪਤਨੀ ਵੱਲੋਂ ਦਰਜ ਕਰਾਈ ਸ਼ਿਕਾਇਤ ਵਿੱਚ ਏਦਾਂ ਦੀ ਘਟਨਾ ਉਭਰ ਕੇ ਸਾਹਮਣੇ ਆਈ ਹੈ। ਵਿਭੂਤੀ ਥਾਣੇ ਦੇ ਐੱਸ ਐੱਚ ਓ ਰਾਜੀਵ ਦਿਵੇਦੀ ਨੇ ਇਸ ਦੀ ਪੁਸ਼ਟੀ ਕੀਤੀ ਹੈ ਕਿ ਦੋਵਾਂ ਕੇਸਾਂ ਦਾ ਦੋਸ਼ੀ ਇੱਕੋ ਵਿਅਕਤੀ ਹੈ ਜਿਸ ਦਾ ਫੇਸਬੁਕ ਪ੍ਰੋਫਾਈਲ 'ਤੇ ਨਾਂਅ ਸਾਕਸ਼ੀ ਪਟੇਲ ਹੈ। ਉਨ੍ਹਾਂ ਨੇ ਕਿਹਾ, ਉਸ ਵਿਅਕਤੀ ਦੇ ਖਿਲਾਫ ਇਲੈਕਟ੍ਰੋਨਿਕ ਰੂਪ ਵਿੱਚ ਅਸ਼ਲੀਲ ਕੰਟੈਂਟ ਪਬਲਿਸ਼ ਕਰਨ ਅਤੇ ਧਮਕੀ ਦੇਣ ਦਾ ਕੇਸ ਦਰਜ ਕੀਤਾ ਗਿਆ ਹੈ।

# ਮਹਿਲਾ ਨੂੰ ਏਡਜ਼ ਦੱਸੀ ਤਾਂ ਡਿਪ੍ਰੈਸ਼ਨ ਵਿੱਚ ਜਾਣ ਨਾਲ ਮੌਤ

ਸ਼ਿਮਲਾ, 28 ਅਗਸਤ (ਪੋਸਟ ਬਿਊਰੋ)- ਸ਼ਿਮਲਾ ਜ਼ਿਲੇ ਦੇ ਇਕ ਨਿੱਜੀ ਹਸਪਤਾਲ ਦੀ ਲਾਪਰਵਾਹੀ ਮਹਿਲਾ 'ਤੇ ਭਾਰੀ ਪੈ ਗਈ। ਏਡਜ਼ ਦੀ ਬਿਮਾਰੀ ਲੱਗਣ ਵਾਰੇ ਸੁਣਦੇ ਸਾਰ ਡਿਪ੍ਰੈਸ਼ਨ ਵਿੱਚ ਚਲੀ ਗਈ ਮਹਿਲਾ ਦੀ ਇੰਦਰਾ ਗਾਂਧੀ ਮੈਡੀਕਲ ਕਾਲਜ ਵਿੱਚ ਮੌਤ ਹੋ ਗਈ ਹੈ। 22 ਸਾਲਾ ਮਹਿਲਾ ਦੇ ਭਰਾ ਨੇ ਦੋਸ਼ ਲਾਏ ਹਨ ਕਿ ਉਸ ਦੀ ਭੈਣ ਨੂੰ ਜਦੋਂ ਦੱਸਿਆ ਗਿਆ ਕਿ ਉਸ ਨੂੰ ਏਡਜ਼ ਹੈ, ਉਹ ਉਸੇ ਦਿਨ ਡਿਪ੍ਰੈਸ਼ਨ ਵਿੱਚ ਕੋਮਾ ਵਿੱਚ ਚਲੀ ਗਈ ਸੀ।

ਮ੍ਰਿਤਕ ਮਹਿਲਾ ਦੇ ਭਰਾ ਨੇ ਦੱਸਿਆ ਕਿ 21 ਅਗਸਤ ਨੂੰ ਇਕ ਨਿੱਜੀ ਹਸਪਤਾਲ ਵਿੱਚ ਬੱਚੇਦਾਨੀ ਦੀ ਟਿਊਬ ਫਟਣ ਕਾਰਨ ਇਲਾਜ ਲਈ ਗਈ ਤਾਂ ਉਥੇ ਉਸ ਦੇ ਟੈਸਟ ਲੈਣ ਪਿੱਛੋਂ ਹਸਪਤਾਲ ਵਿੱਚ ਮਹਿਲਾ ਦੀ ਇਕ ਰਿਪੋਰਟ ਐਚ ਆਈ ਵੀ ਪਾਜ਼ੀਟਿਵ ਨਿਕਲੀ। ਹਸਪਤਾਲ ਵਿੱਚ ਡਾਕਟਰ ਨੇ ਕਿਹਾ ਕਿ ਇਥੇ ਬੱਚੇਦਾਨੀ ਦੀ ਟਿਊਬ ਫਟਣ ਦਾ ਇਲਾਜ ਨਹੀਂ ਹੋਣਾ, ਮਹਿਲਾ ਨੂੰ ਸ਼ਿਮਲਾ ਲੈ ਜਾਓ। ਪਰਵਾਰ ਵਾਲੇ ਮਹਿਲਾ ਨੂੰ ਇਲਾਜ ਲਈ ਕੇ ਐਨ ਐਚ ਹਸਪਤਾਲ ਸ਼ਿਮਲਾ ਲੈ ਆਏ ਅਤੇ ਉਥੇ ਬੱਚੇਦਾਨੀ ਦੀ ਟਿਊਬ ਫਟਣ ਦਾ ਆਪ੍ਰੇਸ਼ਨ ਕਰਵਾਇਆ। ਇਸ ਦੇ ਬਾਅਦ ਮਹਿਲਾ ਠੀਕ ਹੋ ਗਈ, ਪਰ ਜਦ ਡਾਕਟਰ ਨੇ ਮਹਿਲਾ ਤੋਂ ਪੁੱਛਗਿੱਛ ਕੀਤੀ ਤੇ ਦੱਸਿਆ ਕਿ ਜੋ ਨਿੱਜੀ ਹਸਪਤਾਲ ਵਿੱਚ ਤੁਸੀਂ ਟੈਸਟ ਕਰਾਏ ਹਨ, ਉਸ ਵਿੱਚ ਰਿਪੋਰਟ ਐਚ ਆਈ ਵੀ ਪ੍ਰਾਜ਼ੀਟਿਵ ਆਈ ਹੈ ਤਾਂ ਮਹਿਲਾ ਘਬਰਾ ਗਈ। ਉਸ ਦਾ ਕਹਿਣਾ ਸੀ ਕਿ ਉਸ ਦੀ ਇਹ ਰਿਪੋਰਟ ਐਚ ਆਈ ਵੀ ਪਾਜ਼ੀਟਿਵ ਕਿਵੇਂ ਆ ਸਕਦੀ ਹੈ। ਡਾਕਟਰ ਦੀ ਗੱਲ ਸੁਣ ਕੇ ਮਹਿਲਾ ਡਿਪ੍ਰੈਸ਼ਨ ਵਿੱਚ ਚਲੀ ਗਈ ਅਤੇ ਪਰਵਾਰਕ ਮੈਂਬਰਾਂ ਨੇ ਗੰਭੀਰ ਹਾਲਤ ਵਿੱਚ ਮਹਿਲਾ ਨੂੰ ਆਈ ਜੀ ਐਮ ਸੀ ਵਿੱਚ ਭਰਤੀ ਕਰਵਾਇਆ। ਉਸ ਦੇ ਭਰਾ ਦਾ ਕਹਿਣਾ ਹੈ ਕਿ ਇੰਦਰਾ ਗਾਂਧੀ ਮੈਡੀਕਲ ਕਾਲਜ ਵਿੱਚ ਫਿਰ ਐਚ ਆਈ ਵੀ ਦਾ ਟੈਸਟ ਕਰਵਾਇਆ ਗਿਆ, ਪਰ ਰਿਪੋਰਟ ਨੈਗੇਟਿਵ ਆਈ। ਓਥੋਂ ਦੇ ਡਾਕਟਰਾਂ ਨੇ ਸਾਫ ਕਿਹਾ ਕਿ ਮਹਿਲਾ ਨੂੰ ਏਡਜ਼ ਨਹੀਂ ਹੈ। ਪਰਵਾਰਕ ਮੈਂਬਰਾਂ ਨੂੰ ਵੀ ਅਹਿਸਾਸ ਹੋਇਆ ਕਿ ਨਿੱਜੀ ਹਸਪਤਾਲ ਵਿੱਚ ਰਿਪੋਰਟ ਗਲਤ ਆਈ ਹੈ। ਮਹਿਲਾ ਦੇ ਭਰਾ ਦਾ ਕਹਿਣਾ ਹੈ ਕਿ ਇਹ ਸਭ ਨਿੱਜੀ ਹਸਪਤਾਲ ਦੇ ਕਾਰਨ ਹੋਇਆ ਹੈ। ਜੇ ਉਹ ਸਹੀ ਰਿਪੋਰਟ ਦਿੰਦੇ ਤਾਂ ਉਸ ਦੀ ਮੌਤ ਨਾ ਹੁੰਦੀ।

## ਫਿਰੋਜ਼ ਸ਼ਾਹ ਕੋਟਲਾ ਗਰਾਊਡ ਦਾ ਨਾਂਅ ਅਰੁਣ ਜੇਤਲੀ ਸਟੇਡੀਅਮ ਕਰ ਦਿੱਤਾ ਗਿਆ

ਨਵੀਂ ਦਿੱਲੀ, 28 ਅਗਸਤ (ਪੋਸਟ ਬਿਊਰੋ)- ਦਿੱਲੀ ਅਤੇ ਜ਼ਿਲਾ ਕ੍ਰਿਕਟ ਐਸੋਸੀਏਸ਼ਨ (ਡੀ ਡੀ ਸੀ ਏ) ਨੇ ਫਿਰੋਜ਼ ਸ਼ਾਹ ਕੋਟਲਾ ਸਟੇਡੀਅਮ ਦਾ ਨਾਂਅ ਆਪਣੇ ਸਾਬਕਾ ਮੁਖੀ ਅਤੇ ਦੇਸ਼ ਦੇ ਸਾਬਕਾ ਵਿੱਤ ਮੰਤਰੀ ਅਰੁਣ ਜੇਤਲੀ ਦੇ ਨਾਂਅ 'ਤੇ ਰੱਖਣ ਦਾ ਫੈਸਲਾ ਕੀਤਾ ਹੈ, ਜਿਨ੍ਹਾਂ ਦਾ ਪਿਛਲੇ ਹਫਤੇ ਸ਼ਨਿੱਚਰਵਾਰ ਨੂੰ ਦਿਹਾਂਤ ਹੋ ਗਿਆ ਸੀ। ਇਸ ਸਟੇਡੀਅਮ ਨੂੰ ਅੱਗੇ ਤੋਂ ਅਰੁਣ ਜੇਤਲੀ ਸਟੇਡੀਅਮ ਦੇ ਨਾਂਅ ਨਾਲ ਜਾਣਿਆ ਜਾਵੇਗਾ। ਇਸ ਦੇ ਨਵੇਂ ਨਾਂਅ ਦਾ ਉਦਘਾਟਨ 12 ਸਤੰਬਰ ਨੂੰ ਇਕ ਪ੍ਰੋਗਰਾਮ ਵਿੱਚ ਕੀਤਾ ਜਾਵੇਗਾ। ਇਸ ਵਿੱਚ ਇਕ ਸਟੈਂਡ ਦਾ ਨਾਂਅ ਭਾਰਤੀ ਕਪਤਾਨ ਵਿਰਾਟ ਕੋਹਲੀ ਦੇ ਨਾਂਅ ਉੱਤੇ ਵੀ ਰੱਖਿਆ ਗਿਆ ਹੈ, ਜਿਸ ਦਾ ਪਹਿਲਾਂ ਐਲਾਨ ਕੀਤਾ ਗਿਆ ਸੀ।

ਡੀ ਡੀ ਸੀ ਏ ਦੇ ਚੇਅਰਮੈਨ ਰਜਤ ਸ਼ਰਮਾ ਨੇ ਕਿਹਾ ਕਿ ਇਹ ਅਰੁਣ ਜੇਤਲੀ ਦਾ ਸਹਿਯੋਗ ਅਤੇ ਉਤਸ਼ਾਹ ਸੀ ਜੋ ਵਿਰਾਟ ਕੋਹਲੀ, ਵਰਿੰਦਰ ਸਹਿਵਾਗ, ਗੌਤਮ ਗੰਭੀਰ, ਆਸ਼ੀਸ਼ ਨਹਿਰਾ, ਰਿਸ਼ਭ ਪੰਤ ਤੇ ਕਈ ਹੋਰ ਖਿਡਾਰੀਆਂ ਨੇ ਭਾਰਤ ਦਾ ਮਾਣ ਵਧਾਇਆ ਹੈ। ਜੇਤਲੀ ਨੂੰ ਸਟੇਡੀਅਮ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕਰਨ ਅਤੇ ਦਰਸ਼ਕਾਂ ਦੀ ਸਮਰੱਥਾ ਵਧਾਉਣ ਵਾਲੀ ਵਿਸ਼ਵ ਪੱਧਰੀ ਡ੍ਰੈਸਿੰਗ ਰੂਮ ਬਣਾਉਣ ਦਾ ਸਿਹਰਾ ਜਾਂਦਾ ਹੈ।

# ਹਰਿਆਣਾ ਵਿੱਚ ਸ਼ੱਕੀ ਪਾਕਿਸਤਾਨੀ ਕਾਬੂ, ਤਿੰਨ ਸਾਲ 'ਚ 9 ਵਾਰ ਭਾਰਤ ਆਇਆ ਸੀ



ਅੰਬਾਲਾ, 28 ਅਗਸਤ (ਪੋਸਟ ਬਿਊਰੋ)- ਹਰਿਆਣਾ ਪੁਲਸ ਦੇ ਸੀ ਆਈ ਏ ਸਟਾਫ ਨੇ ਅੰਬਾਲਾ ਤੋਂ ਸ਼ੱਕੀ ਪਾਕਿਸਤਾਨੀ ਨਾਗਰਿਕ ਅਲੀ ਮੁਰਤਜ਼ਾ ਨੂੰ ਗ੍ਰਿਫਤਾਰ ਕੀਤਾ ਹੈ ਜੋ ਪਿਛਲੇ ਤਿੰਨ ਸਾਲਾਂ ਦੌਰਾਨ 9 ਵਾਰ ਭਾਰਤ ਆ ਚੁੱਕਾ ਹੈ। ਪੁਲਸ ਦੇ ਸੀ ਆਈ ਏ-2 ਸਟਾਫ ਨੇ ਅਲੀ ਮੁਰਤਜ਼ਾ ਨੂੰ ਡਿਊਟੀ ਮੈਜਿਸਟਰੇਟ ਦੇ ਘਰ 'ਚ ਪੇਸ਼ ਕੀਤਾ, ਜਿਨ੍ਹਾਂ ਉਸ ਨੂੰ ਅੰਬਾਲਾ ਦੀ ਕੇਂਦਰੀ ਜੇਲ੍ਹ ਭੇਜਣ ਲਈ ਹੁਕਮ ਜਾਰੀ ਕਰ ਦਿੱਤਾ ਹੈ।

ਜਾਂਚ ਏਜੰਸੀ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਦੋਸ਼ੀ ਨੇ ਮੰਨਿਆ ਕਿ ਉਹ ਪਿਛਲੀ ਵਾਰ ਜਦੋਂ ਭਾਰਤ ਆਇਆ ਸੀ ਤਾਂ ਇਥੋਂ ਇਕ ਸਿਮ ਕਾਰਡ ਪਾਕਿਸਤਾਨ ਲੈ ਗਿਆ ਸੀ ਅਤੇ ਉਸ ਨੇ ਉਹ ਸਿਮ ਪਾਕਿਸਤਾਨੀ ਫੌਜ ਨੂੰ ਦੇ ਦਿੱਤਾ ਸੀ। ਅੰਬਾਲਾ ਪੁਲਸ ਦੇ ਐਸ ਪੀ ਅਭਿਸ਼ੇਕ ਜੋਰਵਾਲ ਨੇ ਦੱਸਿਆ ਕਿ ਅਲੀ ਮੁਰਤਜਾ 14 ਅਗਸਤ ਨੂੰ ਰੇਲਵੇ ਸਟੇਸ਼ਨ ਤੋਂ ਸ਼ੱਕੀ ਹਾਲਤ 'ਚ ਫੜਿਆ ਗਿਆ ਸੀ, ਜਿਥੋਂ ਉਹ ਫੌਜੀ ਖੇਤਰ 'ਚ ਦਾਖਲ ਹੋਣ ਵਾਲਾ ਸੀ। ਪੁਲਸ ਨੇ ਤਲਾਸ਼ੀ ਦੌਰਾਨ ਉਸ ਕੋਲੋਂ ਇਕ ਮੋਬਾਈਲ, ਕੁਝ ਸਿਮ ਅਤੇ ਇਕ ਬੈਗ ਬਰਾਮਦ ਕੀਤਾ ਸੀ ਅਤੇ ਦਸਤਾਵੇਜ਼ਾਂ ਦੀ ਪੜਤਾਲ ਤੋਂ ਪਤਾ ਲੱਗਾ ਕਿ ਉਸ ਕੋਲ ਅੰਬਾਲਾ ਦਾ ਵੀਜ਼ਾ ਨਹੀਂ ਸੀ, ਭਾਵੇਂ ਉਸ ਕੋਲ ਹੋਰ ਭਾਰਤ ਦੇ ਕਈ ਹੋਰ ਸ਼ਹਿਰਾਂ ਦਾ ਵੀਜ਼ਾ ਸੀ।

# ਪਹਿਲੀ ਮਹਿਲਾ ਡੀ ਜੀ ਪੀ ਕੰਚਨ ਚੌਧਰੀ ਭੱਟਾਚਾਰੀਆ ਦਾ ਦੇਹਾਂਤ



ਦੇਹਰਾਦੂਨ, 28 ਅਗਸਤ (ਪੋਸਟ ਬਿਊਰੋ)- ਆਈ ਪੀ ਐੱਸ ਅਤੇ ਦੇਸ਼ ਦੀ ਪਹਿਲੀ ਮਹਿਲਾ ਡੀ ਜੀ ਪੀ ਕੰਚਨ ਚੌਧਰੀ ਭੱਟਾਚਾਰੀਆ ਦਾ ਸੋਮਵਾਰ ਰਾਤ ਮੁੰਬਈ ਵਿੱਚ ਦਿਹਾਂਤ ਹੋ ਗਿਆ। ਬਿਮਾਰੀ ਕਾਰਨ ਉਹ ਲੰਬੇ ਸਮੇਂ ਤੋਂ ਮੁੰਬਈ ਦੇ ਇੱਕ ਹਸਪਤਾਲ ਵਿੱਚ ਭਰਤੀ ਸਨ। ਉਤਰਾਖੰਡ ਦੇ ਪੁਲਸ ਡਾਇਰੈਕਟਰ ਜਨਰਲ (ਕਾਨੂੰਨ ਵਿਵਸਥਾ) ਅਸ਼ੋਕ ਕੁਮਾਰ ਨੇ ਕੰਚਨ ਚੌਧਰੀ ਭੱਟਾਚਾਰੀਆ ਦੇ ਦਿਹਾਂਤ ਦੀ ਜਾਣਕਾਰੀ ਦਿੱਤੀ ਹੈ।

ਕੰਚਨ ਚੌਧਰੀ ਭੱਟਾਚਾਰੀਆ 1973 ਬੈਚ ਦੀ ਆਈ ਪੀ ਐੱਸ ਅਫਸਰ ਅਤੇ ਯੂ ਪੀ ਕੇਡਰ ਦੀ ਅਧਿਕਾਰੀ ਸਨ, ਬਾਅਦ ਵਿੱਚ ਉਹ ਉਤਰਾਖੰਡ ਵਾਲੇ ਨਵੇਂ ਰਾਜ ਵਿੱਚ ਚਲੀ ਗਈ। ਸੰਨ 2004 ਵਿੱਚ ਕੰਚਨ ਚੌਧਰੀ ਭੱਟਾਚਾਰੀਆ ਨੂੰ ਉਤਰਾਖੰਡ ਵਿੱਚ ਜਦੋਂ ਡੀ ਜੀ ਪੀ ਬਣਾਇਆ ਗਿਆ ਤਾਂ ਉਹ ਦੇਸ਼ ਦੇ ਕਿਸੇ ਰਾਜ ਦੀ ਪਹਿਲੀ ਮਹਿਲਾ ਡੀ ਜੀ ਪੀ ਸਨ। ਕੰਚਨ ਚੌਧਰੀ 31 ਅਕਤੂਬਰ 2007 ਨੂੰ ਉਤਰਾਖੰਡ ਪੁਲਸ ਦੇ ਡੀ ਜੀ ਪੀ ਵਜੋਂ ਸੇਵਾਮੁਕਤ ਹੋਈ ਸੀ। ਉਨ੍ਹਾਂ ਨੇ ਸੰਨ 2014 ਵਿੱਚ ਰਾਜਨੀਤੀ ਵਿੱਚ ਵੀ ਕਦਮ ਰੱਖਿਆ, ਪ੍ਰੰਤੂ ਉਨ੍ਹਾ ਨੂੰ ਨੇਤਾਗਿਰੀ ਰਾਸ ਨਹੀਂ ਆਈ ਅਤੇ ਉਨ੍ਹਾਂ ਨੇ ਰਾਜਨੀਤੀ ਵਿੱਚ ਬਹੁਤਾ ਸਮਾਂ ਗਵਾਏ ਬਿਨਾਂ ਪੈਰ ਪਿੱਛੇ ਖਿੱਚ ਲਏ ਸਨ।



# ਕਸ਼ਮੀਰ ਲੈਣਾ ਤਾਂ ਦੂਰ, ਭਾਰਤ ਤੋਂ ਪੀ ਓ ਕੇ ਬਚਾਉਣਾ ਔਖਾ ਹੋ ਗਿਐ: ਬਿਲਾਵਲ ਭੁੱਟੋ

ਇਸਲਾਮਾਬਾਦ, 28 ਅਗਸਤ (ਪੋਸਟ ਬਿਊਰੋ)- ਕਸ਼ਮੀਰ ਬਾਰੇ ਭਾਰਤ ਨੂੰ ਅੱਖਾਂ ਵਿਖਾਉਣ ਵਾਲਾ ਪਾਕਿਸਤਾਨ ਭਾਰਤ ਦੇ ਦਬਦਬੇ ਤੋਂ ਡਰ ਗਿਆ ਹੈ। ਉਸ ਨੂੰ ਅੱਜਕੱਲ੍ਹ ਆਪਣੇ ਕਬਜ਼ੇ ਵਾਲਾ ਕਸ਼ਮੀਰ (ਪੀ ਓ ਕੇ) ਖੁੱਸਣ ਦਾ ਡਰ ਸਤਾ ਰਿਹਾ ਹੈ। ਪਾਕਿਸਤਾਨ ਪੀਪਲਜ਼ ਪਾਰਟੀ (ਪੀ ਪੀ ਪੀ) ਦੇ ਮੁਖੀ ਬਿਲਾਵਲ ਭੁਟੋ ਨੇ ਕਿਹਾ ਹੈ ਕਿ ਅਸੀਂ ਕਸ਼ਮੀਰ ਦੀ ਗੱਲ ਕਰਦੇ ਸੀ, ਪਰ ਅੱਜ ਦੇ ਹਾਲਾਤ ਵਿੱਚ ਸਾਡੇ ਲਈ ਮੁਜ਼ੱਫਰਾਬਾਦ (ਪੀ ਓ ਕੇ) ਬਚਾਉਣਾ ਵੀ ਔਖਾ ਹੋ ਗਿਆ ਹੈ।

ਪਾਕਿਸਤਾਨ ਦੀ ਮਰਹੂਮ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੇ ਪੁੱਤਰ ਬਿਲਾਵਲ ਭੁੱਟੋ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਉਨ੍ਹਾਂ ਦੀ ਸਰਕਾਰ ਨੂੰ ਬੁਰੀ ਤਰ੍ਹਾਂ ਕੋਸ ਰਹੇ ਹਨ। ਉਨ੍ਹਾਂ ਨੇ ਇਮਰਾਨ 'ਤੇ ਵਰ੍ਹਦਿਆਂ ਕਿਹਾ ਕਿ ਉਹ ਲੋਕਾਂ ਵੱਲੋਂ ਚੁਣੇ ਗਏ ਪ੍ਰਧਾਨ ਮੰਤਰੀ ਹਨ, ਫੌਜ ਵੱਲੋਂ ਨਹੀਂ, ਦੇਸ਼ ਦੇ ਲੋਕ ਸਿਲੈਕਟਿਡ ਅਤੇ ਸਿਲੈਕਟਰ ਕੋਲੋਂ ਜਵਾਬ ਮੰਗਦੇ ਹਨ। ਇਹ ਗੱਲ ਬਿਲਕੁਲ ਸਾਫ ਹੈ ਕਿ ਮੌਜੂਦਾ ਸਰਕਾਰ ਨਾਕਾਮ ਸਾਬਤ ਹੋਈ ਹੈ। ਇਸ ਤੋਂ ਪਹਿਲਾਂ ਹੋਰ ਕੋਈ ਸਰਕਾਰ ਏਨੀ ਮਾੜੀ ਸਾਬਤ ਨਹੀਂ ਹੋਈ। ਇਮਰਾਨ ਨੇ ਲੋਕਰਾਜ ਨਾਲ ਜੋ ਖਿਲਵਾੜ ਕੀਤਾ ਹੈ, ਉਸ ਨੂੰ ਅਸੀਂ ਬਰਦਾਸ਼ਤ ਕਰ ਲਿਆ। ਦੇਸ਼ ਦੀ ਅਰਥ ਵਿਵਸਥਾ ਬਰਬਾਦ ਕਰ ਦਿੱਤੀ, ਉਹ ਵੀ ਪਾਕਿਸਤਾਨ ਦੇ ਲੋਕਾਂ ਨੇ ਸਹਿਣ ਕਰ ਲਿਆ, ਪਰ ਕਸ਼ਮੀਰ ਮੁੱਦੇ ਬਾਰੇ ਇਮਰਾਨ ਸਰਕਾਰ ਦਾ ਅਕਸ ਜਿੰਨਾ ਖਰਾਬ ਹੋਇਆ, ਓਨਾ ਅੱਜ ਤੱਕ ਹੋਰ ਕਿਸੇ ਸਰਕਾਰ ਦਾ ਖਰਾਬ ਨਹੀਂ ਹੋਇਆ। ਇਮਰਾਨ ਸਰਕਾਰ ਸੁੱਤੀ ਰਹੀ ਅਤੇ ਕਸ਼ਮੀਰ ਉਸ ਦੇ ਹੱਥੋਂ ਨਿਕਲ ਗਿਆ।

ਬਿਲਾਵਲ ਭੁੱਟੋ ਨੇ ਕਿਹਾ ਕਿ ਭਾਵੇਂ ਵਿਦੇਸ਼ ਨੀਤੀ ਹੋਵੇ ਜਾਂ ਆਰਥਿਕ, ਪਾਕਿਸਤਾਨ ਦੀ ਕਠਪੁਤਲੀ ਸਰਕਾਰ ਹਰ ਥਾਂ ਨਾਕਾਮ ਰਹੀ ਹੈ। ਇਮਰਾਨ ਖਾਨ ਨੂੰ ਜਦੋਂ ਦੇਸ਼ ਵਿੱਚ ਵਿਰੋਧੀ ਧਿਰ ਨਾਲ ਲੜਨਾ ਪੈਂਦਾ ਹੈ ਤਾਂ ਸ਼ੇਰ ਬਣ ਜਾਂਦੇ ਹਨ, ਪਰ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਗੇ ਚੂੰ ਨਹੀਂ ਕਰਦੇ, ਬਿੱਲੀ ਬਣ ਕੇ ਰਹਿ ਜਾਂਦੇ ਹਨ।

ਵਰਨਣ ਯੋਗ ਹੈ ਕਿ ਮੁਜ਼ੱਫਰਾਬਾਦ ਪਾਕਿਸਤਾਨੀ ਕਬਜ਼ੇ ਹੇਠਲੇ ਕਸ਼ਮੀਰ ਦੀ ਰਾਜਧਾਨੀ ਹੈ। ਓਥੇ ਪਾਕਿਸਤਾਨ ਨੇ ਇੱਕ ਵਿਖਾਵੇ ਦਾ ਪ੍ਰਧਾਨ ਮੰਤਰੀ ਨੂੰ ਬਿਠਾਇਆ ਹੋਇਆ ਹੈ, ਪਰ ਇਹ ਪ੍ਰਧਾਨ ਮੰਤਰੀ ਪਾਕਿਸਤਾਨੀ ਹੁਕਮਰਾਨਾਂ ਅਤੇ ਪਾਕਿਸਤਾਨੀ ਫੌਜ ਦੇ ਜਰਨੈਲਾਂ ਦੇ ਹੁਕਮ ਉੱਤੇ ਕੰਮ ਕਰਦਾ ਹੈ।

# ਬ੍ਰੈਗਜ਼ਿਟ ਰੋਕਣ ਲਈ ਬ੍ਰਿਟੇਨ ਦੇ ਵਿਰੋਧੀ ਆਗੂ ਇੱਕਜੁੱਟ



ਲੰਡਨ, 28 ਅਗਸਤ (ਪੋਸਟ ਬਿਊਰੋ)- ਯੂਰਪੀ ਯੂਨੀਅਨ (ਈ ਯੂ) ਤੋਂ ਬ੍ਰਿਟੇਨ ਦੇ ਵੱਖ ਹੋਣ ਦੀ ਪ੍ਰਕਿਰਿਆ (ਬ੍ਰੈਗਜ਼ਿਟ) ਦੇ ਬਾਰੇ ਆਮ ਸਹਿਮਤੀ ਬਣ ਗਈ ਹੈ। ਈ ਯੂ ਤੋਂ ਬਿਨਾਂ ਕਿਸੇ ਸਮਝੌਤੇ ਦੇ ਵੱਖ ਹੋਣ ਨੂੰ ਰੋਕਣ ਲਈ ਬ੍ਰਿਟੇਨ ਦੇ ਵਿਰੋਧੀ ਦਲਾਂ ਨੇ ਕਮਰ ਕੱਸ ਲਈ ਹੈ। ਇਸ ਨਿਖੇੜੇ ਦੀ ਆਖਰੀ ਤਰੀਕ 31 ਅਕਤੂਬਰ ਹੈ।

ਬ੍ਰਿਟੇਨ ਦੇ ਵਿਰੋਧੀ ਦਲਾਂ ਨੇ ਇੱਕ ਬੈਠਕ ਕਰ ਕੇ ਬਿਨਾਂ ਸਮਝੌਤਾ ਬ੍ਰੈਗਜ਼ਿਟ ਨੂੰ ਰੋਕਣ ਦੀ ਰਣਨੀਤੀ 'ਤੇ ਵਿਚਾਰ ਕੀਤਾ ਹੈ। ਇਹ ਬੈਠਕ ਲੇਬਰ ਪਾਰਟੀ ਦੇ ਸੀਨੀਅਰ ਪਾਰਲੀਮੈਂਟ ਮੈਂਬਰ ਜੇਰੇਮੀ ਕਾਰਬਿਨ ਨੇ ਸੱਦੀ ਸੀ। ਇਸ ਦੇ ਬਾਅਦ ਜਾਰੀ ਕੀਤੇ ਸਾਂਝੇ ਬਿਆਨ ਵਿੱਚ ਵਿਰੋਧੀ ਦਲਾਂ ਨੇ ਕਿਹਾ ਕਿ ਉਹ ਬਿਨਾਂ ਕਿਸੇ ਸਮਝੌਤੇ ਦੇ 28 ਮੈਂਬਰੀ ਈ ਯੂ ਤੋਂ ਅਲੱਗ ਹੋਣ ਅਤੇ ਪ੍ਰਧਾਨ ਮੰਤਰੀ ਜਾਨਸਨ ਨੂੰ ਰੋਕਣ ਲਈ ਹਾਊਸ ਆਫ ਕਾਮਰਸ ਵਿੱਚ ਪ੍ਰਸਤਾਵ ਪਾਸ ਕਰਾਉਣ ਲਈ ਮਿਲ ਕੇ ਕੰਮ ਕਰਨਗੇ। ਸਾਂਝੇ ਬਿਆਨ ਮੁਤਾਬਕ ਬੈਠਕ ਵਿੱਚ ਬਿਨਾਂ ਸਮਝੌਤੇ ਦੇ ਬ੍ਰੈਗਜ਼ਿਟ ਨੂੰ ਰੋਕਣ ਦੇ ਵੱਖ-ਵੱਖ ਉਪਾਵਾਂ ਉਤੇ ਵਿਚਾਰ ਕੀਤਾ ਗਿਆ, ਜਿਸ ਵਿੱਚ ਸਰਕਾਰ ਦੇ ਖਿਲਾਫ ਬੇਭਰੋਸਗੀ ਮਤਾ ਸ਼ਾਮਲ ਹੈ।

ਭਾਰਤ ਵਿੱਚ ਬ੍ਰਿਟੇਨ ਦੇ ਹਾਈ ਕਮਿਸ਼ਨਰ ਡੋਮੀਨਿਕ ਐਸਕਵਿਥ ਨੇ ਕੱਲ੍ਹ ਇਥੇ ਕਿਹਾ ਕਿ ਜੇ ਉਨ੍ਹਾਂ ਦਾ ਦੇਸ਼ ਬਿਨਾਂ ਕਿਸੇ ਸਮਝੌਤੇ ਦੇ ਯੂਰਪੀ ਯੂਨੀਅਨ ਤੋਂ ਵੱਖ ਹੁੰਦਾ ਹੈ ਤਾਂ ਉਸ ਸਥਿਤੀ ਵਿੱਚ ਬ੍ਰਿਟੇਨ ਦੇ ਲਈ ਭਾਰਤ ਦਾ ਮਹੱਤਵ ਵਧ ਜਾਏਗਾ। ਵਪਾਰ ਅਤੇ ਨਿਵੇਸ਼ ਦੇ ਖੇਤਰ ਵਿੱਚ ਭਾਰਤ ਬ੍ਰਿਟੇਨ ਦਾ ਇੱਕ ਅਹਿਮ ਪਾਰਟਨਰ ਹੋਵੇਗਾ। ਐਕਸਵਿਥ ਨੇ ਕਿਹਾ ਕਿ ਮੌਜੂਦਾ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦੀ ਅਗਵਾਈ ਵਿੱਚ ਸਾਡਾ ਧਿਆਨ ਅਜੇ ਸਮਝੌਤੇ ਨਾਲ 31 ਅਕਤੂਬਰ ਤੱਕ ਯੂਰਪੀ ਯੂਨੀਅਨ ਤੋਂ ਵੱਖ ਹੋਣ 'ਤੇ ਕੇਂਦਰਿਤ ਹੈ, ਪਰ ਅਸੀਂ ਬਿਨਾਂ ਕਿਸੇ ਸਮਝੌਤੇ ਦੇ ਵੱਖ ਹੋਣ ਨੂੰ ਤਿਆਰ ਹਾਂ। ਇਸ ਸਥਿਤੀ ਵਿੱਚ ਅਸੀਂ 28 ਮੈਂਬਰੀ ਯੂਰਪੀ ਯੂਨੀਅਨ ਤੋਂ ਵੱਖ ਇੱਕ ਸੁਤੰਤਰ ਦੇਸ਼ ਦੇ ਰੂਪ ਵਿੱਚ ਕੰਮ ਕਰਾਂਗੇ ਤੇ ਦੂਸਰੇ ਦੇਸ਼ਾਂ ਦੇ ਨਾਲ ਵੀ ਵਪਾਰ ਅਤੇ ਨਿਵੇਸ਼ ਸੰਬੰਧਾਂ ਨੂੰ ਮਜ਼ਬੂਤ ਕਰਨਾ ਸਾਡੇ ਲਈ ਬਹੁਤ ਮਹੱਤਵਪੂਰਨ ਹੋਵੇਗਾ।

## ਭਾਰਤ-ਪਾਕਿ ਤਣਾਅ ਘੱਟ ਕਰਨ ਲਈ ਯਤਨ ਕੀਤਾ: ਵ੍ਹਾਈਟ ਹਾਊਸ

ਵਾਸ਼ਿੰਗਟਨ, 28 ਅਗਸਤ (ਪੋਸਟ ਬਿਊਰੋ)- ਵ੍ਹਾਈਟ ਹਾਊਸ ਨੇ ਅੱਜ ਦਾਅਵਾ ਕੀਤਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵਲੋਂ ਭਾਰਤ-ਪਾਕਿਸਤਾਨ ਵਿੱਚ ਚਲ ਰਹੇ ਤਣਾਅ ਨੂੰ ਘੱਟ ਕਰਨ ਲਈ ਕੀਤੇ ਗਏ ਯਤਨ ਹਾਲ ਹੀ ਵਿਚ ਸਮਾਪਤ ਹੋਏ ਜੀ-7 ਸੰਮੇਲਨ ਵਿੱਚ ਦਿੱਤੇ ਪੰਜ ਸੰਦੇਸ਼ਾਂ ਵਿਚੋਂ ਇਕ ਸੀ। ਰਾਸ਼ਟਰਪਤੀ ਟਰੰਪ ਆਪਣੀ ਪਤਨੀ ਨਾਲ ਫਰਾਂਸ ਵਿੱਚ ਸੰਮੇਲਨ ਤੋਂ ਹਿੱਸਾ ਲੈ ਕੇ ਅੱਜ ਆਪਣੇ ਦੇਸ਼ ਪਰਤ ਆਏ ਹਨ। ਵ੍ਹਾਈਟ ਹਾਊਸ ਨੇ ਕਿਹਾ ਕਿ ਜੀ-7 ਸੰਮੇਲਨ ਵਿਚ ਪੰਜ ਸੁਝਾਅ ਏਕਤਾ ਦਾ ਸੰਦੇਸ਼, ਇਕ ਅਰਬ ਡਾਲਰ ਦੇ ਵਪਾਰ ਸੌਦੇ ਦੀ ਸੁਰੱਖਿਆ, ਅਮਰੀਕਾ-ਮੈਕਸਿਕੋ-ਕੈਨੇਡਾ ਸਮਝੌਤੇ ਨੂੰ ਅੱਗੇ ਵਧਾਉਣਾ, ਯੂਰਪ ਨਾਲ ਮਜ਼ਬੂਤ ਵਪਾਰਕ ਸਬੰਧ ਸਥਾਪਤ ਕਰਨਾ ਤੇ ਭਾਰਤ-ਪਾਕਿ ਵਿਚ ਤਣਾਅ ਨੂੰ ਘੱਟ ਕਰਨਾ ਦਿੱਤੇ ਗਏ। ਵ੍ਹਾਈਟ ਹਾਊਸ ਨੇ ਇਹ ਵੀ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੀਟਿੰਗ ਵਿਚ ਰਾਸ਼ਟਰਪਤੀ ਟਰੰਪ ਨੇ ਭਾਰਤ ਤੇ ਪਾਕਿਸਤਾਨ ਵਿਚ ਵਾਰਤਾਲਾਪ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਤੇ ਭਾਰਤ ਦੇ ਅਮਰੀਕਾ ਨਾਲ ਆਰਥਿਕ ਰਿਸ਼ਤੇ ਮਜ਼ਬੂਤ ਕਰਨ ਲਈ ਵੀ ਗੱਲ ਕੀਤੀ।

